

# ਗ਼ਦਰੀ ਸੂਰਬੀਰ











ਰਣਧੀਰ ਸਿੰਘ

# ਗ਼ਦਰੀ ਸੂਰਬੀਰ

## 1914-15 ਦੇ ਇਨਕਲਾਬੀਆਂ ਦੀ ਭੁੱਲੀ ਹੋਈ ਕਹਾਣੀ

**ਰਣਧੀਰ ਸਿੰਘ**



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ - ਲਖਨਊ)**

ਪਹਿਲੀ ਵਾਰ — 1945 ਵਿੱਚ ਛਪੀ

ਦੂਜਾ ਐਡੀਸ਼ਨ — ਅਕਤੂਬਰ 2005
ਤੀਜਾ ਐਡੀਸ਼ਨ — ਜੁਲਾਈ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 10 ਰੁਪਏ**

# ਜੀਵਨ ਨਿਰਬਾਹ ਲਈ

ਇਹ ਉਨੀਵੀਂ ਸਦੀ ਦੇ ਅਖੀਰੀ ਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਦੀ ਗੱਲ ਹੈ। ਹਜ਼ਾਰਾਂ ਪੰਜਾਬੀ ਸਿੱਖ ਕਿਸਾਨ, ਜਵਾਨ ਤੇ ਬੁੱਢੇ ਆਪਣੇ ਘਰ ਬਾਰ ਛੱਡ ਕੇ ਰੋਜ਼ੀ ਦੀ ਖ਼ਾਤਰ ਪ੍ਰਦੇਸੀਂ ਨਿਕਲ ਗਏ। ਧਰਤੀ ਦੀ ਕੁੱਖ ਸੁੱਕ ਗਈ ਜਾਪਦੀ ਸੀ। ਉਨ੍ਹਾਂ ਲਈ ਆਪਣੀ ਭੋਂ ਦੇ ਰੁਪਿਆਂ 'ਚੋਂ ਦੋ ਵੇਲ਼ੇ ਦੀ ਰੋਟੀ ਪੈਦਾ ਕਰਨੀ ਵੀ ਦਿਨੋ ਦਿਨ ਔਖੀ ਹੋ ਰਹੀ ਸੀ।

ਇਹ ਸਦਾ ਡੂੰਘੇ ਹੋ ਰਹੇ ਆਰਥਿਕ ਮੰਦਵਾੜੇ ਦਾ ਜ਼ਮਾਨਾ ਸੀ। 150 ਸਾਲਾਂ ਤੋਂ ਵੱਧ ਪੁਰਾਣੀ ਸਾਮਰਾਜੀ ਲੁੱਟ ਖਸੁੱਟ ਆਪਣਾ ਅਸਰ ਦਿਖਾ ਰਹੀ ਸੀ। ਸਦੀਆਂ ਪੁਰਾਣਾ ਹਿੰਦੁਸਤਾਨੀ ਆਰਥਕ-ਪ੍ਰਬੰਧ ਉਕਾ ਹੀ ਬਰਬਾਦ ਹੋ ਚੁੱਕਾ ਸੀ ਤੇ ਨਵੀਂ ਉਸਾਰੀ ਦਾ ਕਿਤੇ ਨਾ-ਨਿਸ਼ਾਨ ਵੀ ਨਹੀਂ ਸੀ ਲੱਭਦਾ। ਜਗਤ ਪ੍ਰਸਿੱਧ ਸ਼ਹਿਰੀ ਦਸਤਕਾਰੀ ਖਤਮ ਹੋ ਚੁੱਕੀ ਸੀ ਤੇ ਪੇਂਡੂ ਦਸਤਕਾਰ ਦਾ ਤਬਾਹੀ ਨਾਲ਼ ਸਾਹਮਣਾ ਸੀ, ਧਰਤੀ ਬੰਦਿਆਂ ਦੇ ਭਾਰ ਨਾਲ਼ ਬੋਝਲ ਹੋ ਚੁੱਕੀ ਸੀ। ਖੇਤੀ ਬਾੜੀ 'ਤੇ ਗੁਜ਼ਾਰਾ ਕਰਨ ਵਾਲ਼ਿਆਂ ਦੀ ਗਿਣਤੀ ਵੱਧ ਰਹੀ ਸੀ, ਪੀੜ੍ਹੀਆਂ ਤੋਂ ਵੰਡੀ ਆ ਰਹੀ ਟੁੱਕੜੇ-ਟੁੱਕੜੇ ਹੋ ਚੁੱਕੀ ਜ਼ਮੀਨ ਬੜੀ ਤੇਜ਼ੀ ਨਾਲ਼ ਹਲਵਾਹਕ ਕਿਸਾਨਾਂ ਦੇ ਹੱਥੋਂ ਨਿਕਲ ਰਹੀ ਸੀ। ਵਾਹੀ ਦਿਨੋ ਦਿਨ ਮੰਦੀ ਹੁੰਦੀ ਜਾ ਰਹੀ ਸੀ।

ਇਸੇ ਸਮੇਂ ਵਿੱਚ ਕਰਜ਼ੇ, ਮਾਲੀਏ ਤੇ ਲਗਾਨ ਦਾ ਭਾਰ ਦੂਣਾ ਚੌਣਾ ਹੋ ਰਿਹਾ ਸੀ, ਉਨੀਵੀਂ ਸਦੀ ਦੇ ਅਖੀਰੀ 25 ਸਾਲਾਂ ਵਿੱਚ ਪਏ ਕਾਲ਼ਾਂ ਨੇ ਹਿੰਦੁਸਤਾਨੀ ਕਿਸਾਨ ਦਾ ਲੱਕ ਉੱਕਾ ਹੀ ਤੋੜ ਦਿੱਤਾ। ਖੇਤੀਬਾੜੀ ਕੇਵਲ ਇੱਕ ਜੂਆ ਬਣ ਕੇ ਰਹਿ ਗਈ।

ਓੜਕ ਦੀ ਬੇਬਸੀ ਤੋਂ ਮਜਬੂਰ ਹੋ ਤੇ ਦੋ ਵੇਲ਼ੇ ਢਿੱਡ ਦੀ ਭੁੱਖ ਬੁਝਾਉਣ ਦੀ ਆਸ ਵਿੱਚ ਕੇਂਦਰੀ ਪੰਜਾਬ ਦੇ ਕਿਸਾਨ, ਜੁੱਸਿਆਂ ਦੇ ਨਰੋਏ ਤੇ ਦਿਲਾਂ ਦੇ ਤਕੜੇ, ਪ੍ਰਦੇਸਾਂ ਨੂੰ ਟੁਰ ਪਏ। ਹਜ਼ਾਰਾਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਪਾ ਦਿੱਤੀਆਂ, ਮਾਲ ਡੰਗਰ ਤੇ ਹਲ਼ ਪੰਜਾਲ਼ੀਆਂ ਵੇਚ ਸੁੱਟੀਆਂ-ਤੇ ਏਦਾਂ ਕਰਕੇ ਤੇ ਕੁੱਝ ਰੁਪਿਆਂ ਦਾ ਪ੍ਰਬੰਧ ਕਰਕੇ ਉਹ ਆਪਣੀ ਮਾਤਭੂਮੀ ਨੂੰ ਨਮਸਕਾਰ ਆਖ ਗਏ।

ਵੀਹਵੀਂ ਸਦੀ ਸਾਲ ਕੱਟਦੀ ਗਈ ਤੇ ਪ੍ਰਦੇਸਾਂ ਵਿੱਚ ਜਾਣ ਵਾਲ਼ਿਆਂ ਦੀ ਗਿਣਤੀ ਹੋਰ ਵੀ ਤੇਜ਼ੀ ਨਾਲ਼ ਵੱਧਦੀ ਗਈ, ਉਹ ਬਰਮਾ, ਮਲਾਇਆ ਤੇ ਸਿੰਘਾਪੁਰ ਗਏ, ਉੱਥੋਂ ਹਾਂਗਕਾਂਗ ਸ਼ੰਗਾਈ ਤੇ ਚੀਨ ਦੇ ਹੋਰ ਹਿੱਸਿਆਂ ਵਿੱਚ ਪਹੁੰਚੇ, ਕਈ ਆਸਟ੍ਰੇਲੀਆ ਵੱਲ ਨਿਕਲ ਗਏ, ਉਹ ਜਿਸਮ ਦੇ ਮਜ਼ਬੂਤ ਸਨ ਤੇ ਪੁਲਿਸ ਵਿੱਚ ਭਰਤੀ ਹੋ ਗਏ ਜਾਂ ਚੌਕੀਦਾਰ ਬਣ ਗਏ। ਕੁੱਝ ਹੋਰਨਾਂ ਠੇਕੇਦਾਰੀ ਤੇ ਬਿਉਪਾਰ ਸ਼ੁਰੂ ਕਰ ਦਿੱਤਾ। ਉਹ ਹੁਣ ਆਪਣੇ ਦੇਸ਼

ਨਾਲ਼ੋਂ ਵੱਧ ਪੈਸਾ ਕਮਾ ਰਹੇ ਸਨ – ਤੇ ਖ਼ੁਸ਼ ਸਨ, ਪਰ ਇਨ੍ਹਾਂ ਦੇਸ਼ਾਂ ਦੇ ਲੋਕ ਉਨ੍ਹਾਂ ਨੂੰ ਕੇਵਲ ਵਿਦੇਸ਼ੀ ਜ਼ੁਲਮ ਤੇ ਲੁੱਟ ਖਸੁੱਟ ਦੀ ਮਸ਼ੀਨ ਦੇ ਪੁਰਜ਼ੇ ਹੀ ਸਮਝਦੇ ਸਨ ਤੇ ਨਫ਼ਰਤ ਕਰਦੇ ਸਨ।

ਹੁਣ ਉਨ੍ਹਾਂ ਨੂੰ ਅਮਰੀਕਾ ਵਿੱਚ ਹੋਰ ਵੀ ਚੰਗੇ ਰੁਜ਼ਗਾਰ ਤੇ ਵਧੇਰੇ ਉਜਰਤਾਂ ਦੀ ਖ਼ਬਰ ਮਿਲ਼ੀ। ਜਿਹੜੇ ਖ਼ੁਸ਼ਕਿਸਮਤ ਲੋਕ ਉੱਥੇ ਪਹੁੰਚ ਚੁੱਕੇ ਸਨ, ਉਨ੍ਹਾਂ ਪੰਜਾਬ ਤੇ ਪ੍ਰਦੇਸ ਵਿੱਚ ਨਿਕਲ ਚੁੱਕੇ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਚਿੱਠੀਆਂ ਲਿਖੀਆਂ। ਆਪਣਾ ਦੇਸ਼ ਛੱਡ ਰਹੇ ਪੰਜਾਬੀਆਂ ਨੇ ਮੁਹਾਰਾਂ ਹੋਰ ਵੀ ਪੂਰਬ ਨੂੰ ਖ਼ੁਸ਼ਹਾਲੀ ਦੇ ਇਸ ਨਵੇਂ ਦੇਸ਼ ਵੱਲ ਮੋੜ ਲਈਆਂ। ਪਹਿਲੀ ਲੜਾਈ ਸ਼ੁਰੂ ਹੋਣ ਸਮੇਂ ਕੇਵਲ ਅਮਰੀਕਾ ਤੇ ਕੈਨੇਡਾ ਵਿੱਚ 15 ਹਜ਼ਾਰ ਤੋਂ ਵੱਧ ਹਿੰਦੁਸਤਾਨੀ ਵੱਸ ਚੁੱਕੇ ਸਨ। ਇਨ੍ਹਾਂ ਵਿੱਚ ਭਾਰੀ ਬਹੁ-ਗਿਣਤੀ ਪੰਜਾਬੀ ਸਿੱਖਾਂ ਦੀ ਸੀ।

## ਗ਼ੁਲਾਮੀ ਦੀ ਲਾਅਨਤ

ਅਮਰੀਕਾ ਦੇ ਜਾਗੀਰਦਾਰਾਂ ਤੇ ਕਾਰਖਾਨੇਦਾਰਾਂ ਨੇ ਇਨ੍ਹਾਂ ਹਿੰਦੁਸਤਾਨੀ ਮਜ਼ਦੂਰਾਂ ਨੂੰ ਚੰਗੀਆਂ ਉਜਰਤਾਂ ਦਿੱਤੀਆਂ। ਉਹ 2-3 ਡਾਲਰ (6-9 ਰੁਪਏ) ਰੋਜ਼ ਕਮਾਉਂਦੇ ਸਨ ਤਾਂ ਵੀ ਆਪਣੀ ਵਧੇਰੇ ਕੰਮ ਕਰਨ ਦੀ ਸ਼ਕਤੀ ਤੇ ਨੀਵੇਂ ਦਰਜੇ ਦੇ ਰਹਿਣ ਸਹਿਣ ਕਰਕੇ, ਉਹ ਅਮਰੀਕੀ ਮਜ਼ਦੂਰਾਂ ਨਾਲ਼ੋਂ ਸਸਤੇ ਪੈਂਦੇ ਸਨ। ਅਮਰੀਕੀ ਤੇ ਹਿੰਦੁਸਤਾਨੀ ਮਜ਼ਦੂਰਾਂ ਵਿੱਚ ਮੁਕਾਬਲਾ ਤੇ ਟਕਰਾ ਕੁਦਰਤੀ ਗੱਲ ਸੀ। ਆਰਥਕ ਖ਼ੁਸ਼ਹਾਲੀ ਦਾ ਜ਼ਮਾਨਾ ਸੀ ਤੇ ਬਿਨਾਂ ਬਹੁਤੇ ਝਗੜੇ ਫਸਾਦ ਦੇ ਲੰਘ ਗਿਆ।

1907 ਵਿੱਚ ਇੱਕ ਵੱਡਾ ਆਰਥਕ ਮੰਦਵਾੜਾ ਪਿਆ। ਉਜਰਤਾਂ ਵਿੱਚ ਕਾਟ ਤੇ ਬੇਰੁਜ਼ਗਾਰੀ ਨਾਲ਼ ਯੂਨੀਅਨਾਂ ਵਿੱਚ ਜਥੇਬੰਦ ਅਮਰੀਕੀ ਮਜ਼ਦੂਰਾਂ ਨੇ ਸਰਮਾਏਦਾਰੀ ਹਮਲੇ ਵਿਰੁੱਧ ਸੰਗਰਾਮ ਕੀਤੇ। ਪਰ ਹਿੰਦੁਸਤਾਨੀ ਮਜ਼ਦੂਰ ਨਾ ਕੇਵਲ ਜਥੇਬੰਦ ਹੀ ਨਹੀਂ ਸਨ ਸਗੋਂ ਉਨ੍ਹਾਂ ਦੀ ਜ਼ਿੰਦਗੀ ਦਾ ਇੱਕੋ ਇੱਕ ਨਿਸ਼ਾਨਾ ਕੇਵਲ ਪੈਸੇ ਬਣਾਉਣਾ ਹੀ ਸੀ। ਅਮਰੀਕਨ ਸਰਮਾਏਦਾਰ ਜਲਦੀ ਤੇ ਸੌਖੇ ਹੀ ਉਨ੍ਹਾਂ ਨੂੰ ਅਮਰੀਕਨ ਮਜ਼ਦੂਰਾਂ ਵਿਰੁੱਧ 'ਕਾਲ਼ੀਆਂ ਭੇਡਾਂ' ਦੇ ਤੌਰ 'ਤੇ ਵਰਤਣ ਵਿੱਚ ਕਾਮਯਾਬ ਹੋ ਗਏ। ਮਿਸਾਲ ਵਜੋਂ ਟਕੋਮਾ (ਆਰੀਗਨ ਸਟੇਟ) ਵਿੱਚ ਹੋਈ ਰੇਲਵੇ ਮਜ਼ਦੂਰਾਂ ਦੀ ਹੜਤਾਲ਼ ਹਿੰਦੁਸਤਾਨੀਆਂ ਦੀ ਸਹਾਇਤਾ ਨਾਲ਼ ਤੋੜੀ ਗਈ।

ਕੋਈ ਅਜੀਬ ਗੱਲ ਨਹੀਂ ਸੀ ਕਿ ਹੁਣ ਅਮਰੀਕਨ ਮਜ਼ਦੂਰ ਹਿੰਦੁਸਤਾਨੀ ਮਜ਼ਦੂਰਾਂ ਦੇ ਦੁਸ਼ਮਣ ਬਣ ਗਏ ਤੇ ਉਨ੍ਹਾਂ ਨੂੰ ਘਿਰਨਾ ਤੇ ਨਫ਼ਰਤ ਦੀਆਂ ਨਿਗਾਹਾਂ ਨਾਲ਼ ਵੇਖਣ ਲੱਗ ਪਏ। ਪਹਿਲੀ ਵਾਰ ਸਾਰੇ ਅਮਰੀਕਾ ਵਿੱਚ ਹਿੰਦੁਸਤਾਨੀਆਂ ਵਿਰੋਧੀ ਲਹਿਰ ਉੱਠੀ ਤੇ ਤੇਜ਼ੀ ਨਾਲ਼ ਫੈਲਣ ਲੱਗ ਪਈ। ਬੁਰਛਾਗਰਦੀ, ਜੋ ਕਿ ਅਮਰੀਕਨ ਮਜ਼ਦੂਰ ਲਹਿਰ ਤੇ ਜੱਦੋ-ਜਹਿਦ ਦੀ ਇੱਕ ਨਿਆਰੀ ਪੈਦਾਵਾਰ ਹੈ, ਜ਼ਹੂਰ ਵਿੱਚ ਆਈ। ਵਿਲੀਅਮ, ਈਬਰਟ,

ਸੇਂਟ ਜਾਹਨ, ਟੋਕਮਾਂ ਤੇ ਹੋਰ ਸ਼ਹਿਰਾਂ ਦੀਆਂ ਹਿੰਦੁਸਤਾਨੀ ਬਸਤੀਆਂ ਨੂੰ ਲੁੱਟਿਆ ਗਿਆ। ਮਜ਼ਦੂਰਾਂ ਨੂੰ ਜ਼ਬਰਦਸਤੀ ਕਾਰਾਂ ਤੇ ਲਾਰੀਆਂ ਵਿੱਚ ਬੰਦ ਕਰਕੇ ਸ਼ਹਿਰਾਂ ਤੋਂ ਦੂਰ ਜੰਗਲਾਂ ਵਿੱਚ ਛੱਡਿਆ ਜਾਂਦਾ ਰਿਹਾ। ਪੁਲਿਸ ਨੂੰ ਇਤਲਾਹ ਹੁੰਦੀ ਸੀ, ਉਹ ਜਾਣਦੇ ਸਨ ਕਿ ਕੀ ਹੋ ਰਿਹਾ ਹੈ–ਪਰ ਉਨ੍ਹਾਂ ਅੱਖਾਂ ਮੀਟੀ ਰੱਖੀਆਂ।

ਮੰਦਵਾੜੇ ਦੇ ਔਖੇ ਦਿਨ ਲੰਘ ਗਏ–ਤੇ ਇਹਦੇ ਨਾਲ਼ ਹੀ ਜਥੇਬੰਦ ਗੁੰਡਾਗਰਦੀ ਵੀ ਬੰਦ ਹੋ ਗਈ। ਪਰ ਹਿੰਦੁਸਤਾਨੀਆਂ – ਵਿਰੋਧੀ ਐਜੀਟੇਸ਼ਨ ਜਾਰੀ ਰਹੀ। ਕੇਵਲ ਹਿੰਦੁਸਤਾਨੀ ਹੀ ਪਿਛਲੇ ਕੁੱਝ ਸਾਲਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਨਹੀਂ ਸਨ ਹੋਏ। ਯੂਰਪੀ ਤੇ ਹੋਰ ਏਸ਼ੀਆਈ ਦੇਸ਼ਾਂ ਦੇ ਮਜ਼ਦੂਰਾਂ ਵਿਰੁੱਧ ਵੀ ਬੁਰਛਾਗਰਦੀ ਕੀਤੀ ਗਈ ਸੀ। ਪਰ ਇਹ ਮਜ਼ਦੂਰ ਅਜ਼ਾਦ ਕੌਮਾਂ ਦੇ ਬੰਦੇ ਸਨ। ਇਨ੍ਹਾਂ ਦੀਆਂ ਅਜ਼ਾਦ ਹਕੂਮਤਾਂ ਪਾਸੋਂ ਆਪਣੇ ਸ਼ਹਿਰੀਆਂ ਦੇ ਹੱਕਾਂ ਤੇ ਲਾਭਾਂ ਦੀ ਰਾਖੀ ਦੀ ਪੂਰੀ ਆਸ ਕੀਤੀ ਜਾ ਸਕਦੀ ਸੀ। ਮਿਸਾਲ ਵਜੋਂ ਜਦ ਕੈਲੀਫੋਰਨੀਆ ਵਿੱਚ ਇੱਕ ਥਾਂ ਜਾਪਾਨੀਆਂ ਵਿਰੁੱਧ ਗੁੰਡਾਗਰਦੀ ਹੋਈ ਤਾਂ ਜਾਪਾਨੀ ਹਕੂਮਤ ਨੇ ਹਰ ਇੱਕ ਡਾਲਰ ਨੁਕਸਾਨ ਬਦਲੇ ਦਸ ਡਾਲਰ ਵਸੂਲ ਕੀਤੇ। ਪਰ ਬਰਤਾਨਵੀ ਵੱਡੇ ਸਫੀਰਾਂ ਤੇ ਤਿਜਾਰਤੀ ਮੁਸ਼ੀਰਾਂ ਨੇ ਹਿੰਦੁਸਤਾਨੀ ਮਜ਼ਦੂਰਾਂ ਦੇ ਹੱਕ ਵਿੱਚ ਕੋਈ ਮੁਦਾਖ਼ਲਤ ਕਰਨੋਂ ਉੱਕਾ ਹੀ ਇਨਕਾਰ ਕਰ ਦਿੱਤਾ। ਪਹਿਲੀ ਵਾਰ ਹਿੰਦੁਸਤਾਨੀਆਂ ਨੂੰ ਚਾਨਣਾ ਹੋਇਆ – ਉਹ ਇੱਕ ਗ਼ੁਲਾਮ ਦੇਸ਼ ਦੇ ਵਸਨੀਕ ਸਨ।

ਅਮਰੀਕਾ ਵਿੱਚ ਹਿੰਦੁਸਤਾਨੀ ਬਹੁਤਾ ਕਰਕੇ ਤਿੰਨ ਸਟੇਟਾਂ ਕੈਲੀਫੋਰਨੀਆ, ਆਰੀਗੋਨ ਤੇ ਵਾਸ਼ਿੰਗਟਨ ਵਿੱਚ ਵੱਸ ਚੁੱਕੇ ਸਨ। "ਆਲੂਆਂ ਦੇ ਬਾਦਸ਼ਾਹ" ਜਵਾਲਾ ਸਿੰਘ, ਉਨ੍ਹਾਂ ਦੇ ਹਿੱਸੇਦਾਰ ਵਸਾਖਾ ਸਿੰਘ ਤੇ ਸੰਤੋਖ ਸਿੰਘ ਅਤੇ ਕਾਰਖਾਨਿਆਂ ਵਿੱਚ ਕੰਮ ਕਰ ਰਹੇ ਸੋਹਨ ਸਿੰਘ ਭਕਨਾ, ਕੇਸਰ ਸਿੰਘ, ਪੰਡਤ ਕਾਂਸ਼ੀ ਰਾਮ ਤੇ ਅਣਗਿਣਤ ਹੋਰ ਹਿੰਦੁਸਤਾਨੀ ਕਾਫੀ ਰੁਪਿਆ ਕਮਾ ਰਹੇ ਸਨ। ਪਰ ਹੁਣ ਆਪਣੇ ਦੁਆਲ਼ੇ ਨਜ਼ਰ ਮਾਰਨ 'ਤੇ ਉਨ੍ਹਾਂ ਵੇਖਿਆ ਕਿ ਇਨ੍ਹਾਂ ਡਾਲਰਾਂ ਨਾਲ਼ ਇੱਜ਼ਤ ਤੇ ਸਨਮਾਨ ਨਹੀਂ ਸਨ ਖਰੀਦੇ ਜਾ ਸਕਦੇ। ਉਹ ਹਰ ਥਾਂ ਬੇਇੱਜ਼ਤ ਕੀਤੇ ਤੇ ਧਿਰਕਾਰੇ ਜਾਂਦੇ ਸਨ। ਹੋਟਲਾਂ ਤੇ ਟ੍ਰੇਨਾਂ ਵਿੱਚ, ਪਾਰਕਾਂ ਤੇ ਸਿਨੇਮਿਆਂ ਅੰਦਰ ਉਨ੍ਹਾਂ ਨਾਲ਼ ਉਚੇਚਾ ਬੁਰਾ ਸਲੂਕ ਕੀਤਾ ਜਾਂਦਾ ਸੀ। ਹਰ ਥਾਂ ਲਿਖਿਆ ਹੋਇਆ ਸੀ, 'ਹਿੰਦੁਸਤਾਨੀਆਂ ਤੇ ਕੁੱਤਿਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ।" ਇੱਕ ਗੋਰੀ ਚਮੜੀ ਵਾਲ਼ੇ ਨੇ ਸੋਹਨ ਸਿੰਘ ਭਕਨਾ ਦੇ ਨਾਲ਼ ਇੱਕ ਮੇਜ਼ 'ਤੇ ਬਹਿ ਕੇ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ। ਇੱਕ ਹੋਰ ਨੇ ਕੇਸਰ ਸਿੰਘ ਨੂੰ ਆਖਿਆ, "ਤੁਸੀਂ ਨੌਕਰੀ ਨਹੀਂ, ਇੱਕ ਗੋਲ਼ੀ ਦੇ ਹੱਕਦਾਰ ਹੋ।" ਕਈ ਹੋਰ ਉਨ੍ਹਾਂ ਪਾਸੋਂ ਹਿੰਦੁਸਤਾਨ ਦੀ ਆਬਾਦੀ ਪੁੱਛਦੇ ਸਨ। ਜਵਾਬ ਮਿਲਦੇ ਹੀ ਉਹ ਤਾਅਨਾ ਮਾਰਦੇ ਸਨ, "ਕੀ, 30 ਕਰੋੜ!... ਆਦਮੀ ਕਿ ਭੇਡਾਂ?" ਅਜਿਹਾ ਜ਼ਿੱਲਤ–ਭਰਿਆ ਵਰਤਾਓ ਰੋਜ਼ ਦੀ ਗੱਲ ਬਣ ਚੁੱਕਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਜ਼ਦੂਰ ਲਹਿਰ ਦੇ ਅੰਦਰ ਬਾਹਰ ਕਈ ਜਮਹੂਰੀਅਤ–ਪਸੰਦ ਅਮਰੀਕਨ ਸਨ, ਜਿਨ੍ਹਾਂ ਨੂੰ ਇਨਸਾਨੀਅਤ ਦਾ ਵਧੇਰੇ ਲਿਹਾਜ਼ ਸੀ। ਪਰ ਉਹ ਵੀ ਇਸ ਨਫ਼ਰਤ ਭਰੇ ਵਰਤਾਓ ਦੀ ਸਫ਼ਾਈ ਦੇਣ ਤੋਂ ਵੱਧ ਹੋਰ ਕੁੱਝ ਕਰਨ ਤੋਂ ਅਸਮੱਰਥ

ਜਾਪਦੇ ਸਨ। "ਅਮਰੀਕਨ ਗ਼ੁਲਾਮੀ ਨਾਲ਼ ਨਫ਼ਰਤ ਕਰਦੇ ਸਨ ਤੇ..... ਤੇ ਤੁਸੀਂ ਗ਼ੁਲਾਮ ਹੋ", ਉਹ ਥੋੜ੍ਹਾ ਜਿਹਾ ਝਿਜਕ ਕੇ ਆਪਣੇ ਹਿੰਦੁਸਤਾਨੀ ਦੋਸਤਾਂ ਨੂੰ ਆਖਦੇ ਸਨ। ਉਹ ਕੌੜੀ ਗੱਲ ਜਿਹੜੀ ਉਦੋਂ ਤੱਕ ਪੈਸੇ ਦੇ ਲਾਲਚ ਨੇ ਉਨ੍ਹਾਂ ਦੀਆਂ ਅੱਖਾਂ ਤੋਂ ਓਹਲੇ ਕਰ ਰੱਖੀ ਸੀ, ਹੁਣ ਹਿੰਦੁਸਤਾਨੀਆਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਸੱਚਾਈ ਬਣ ਗਈ ਤੇ ਹਮੇਸ਼ਾ ਲਈ ਉਨ੍ਹਾਂ ਦੇ ਦਿਲਾਂ 'ਤੇ ਉਕਰੀ ਗਈ, ਉਹ ਇੱਕ ਗ਼ੁਲਾਮ ਦੇਸ਼ ਦੇ ਵਸਨੀਕ ਸਨ।

ਕੈਨੇਡਾ ਵਿੱਚ ਵੀ ਇਹੋ ਹਾਲ ਸੀ। ਕੈਨੇਡੀਅਨ ਹਕੂਮਤ ਨੇ ਇਸ ਝਗੜੇ ਦਾ "ਹੱਲ" ਲੱਭਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬੀਮਾਰੀ ਦੇ ਘਰ ਹੰਡੂਰਾ ਦੇ ਟਾਪੂਆਂ ਦੀ ਖ਼ੂਬ ਇਸ਼ਤਿਹਾਰਬਾਜ਼ੀ ਕੀਤੀ ਕਿ ਉਹ "ਇਸ ਧਰਤੀ 'ਤੇ ਸਭ ਤੋਂ ਵਧੀਆ ਥਾਂ ਹੈ।" ਉਹ ਚਾਹੁੰਦੀ ਸੀ ਕਿ ਕੈਨੇਡਾ ਦੇ ਹਿੰਦੁਸਤਾਨੀ, ਇਨ੍ਹਾਂ ਟਾਪੂਆਂ ਵਿੱਚ ਜਾ ਵੱਸਣ। ਭਗਵਾਨ ਸਿੰਘ, ਬਲਵੰਤ ਸਿੰਘ ਤੇ ਸੰਤ ਤੇਜਾ ਸਿੰਘ ਦੀ ਅਗਵਾਈ ਹੇਠ ਇੱਕ ਡੈਪੂਟੇਸ਼ਨ ਉੱਥੇ ਗਿਆ ਤੇ ਟਾਪੂਆਂ ਦੇ ਮਜ਼ਦੂਰਾਂ ਨੂੰ ਮਿਲਿਆ। ਉਨ੍ਹਾਂ ਇਸ "ਬਰਤਾਨਵੀ ਵਹਿਸ਼ਤ" ਵਿੱਚ ਇੱਕ ਨਿਰਾ ਪੁਰਾ ਨਰਕ ਵੇਖਿਆ ਤੇ ਸਰਕਾਰੀ ਧਮਕੀਆਂ ਤੇ ਰਿਸ਼ਵਤਾਂ ਦੇ ਬਾਵਜੂਦ ਆਪਣੇ ਭਰਾਵਾਂ ਨੂੰ ਇਹ ਸੱਚਾਈ ਦੱਸ ਦਿੱਤੀ। ਹਿੰਦੁਸਤਾਨੀਆਂ ਨੇ "ਸਰਕਾਰੀ ਖਰਚ 'ਤੇ" ਜਾਂ ਉਂਝ ਹੰਡੂਰਾ ਵਿੱਚ ਵੱਸਣ ਤੋਂ ਇਨਕਾਰ ਕਰ ਦਿੱਤਾ।

ਇਹ ਚਾਲ ਨਾਕਾਮਯਾਬ ਹੋ ਜਾਣ ਪਿੱਛੋਂ ਕੈਨੇਡੀਅਨ ਹਕੂਮਤ ਨੇ ਕੈਨੇਡਾ ਵਿੱਚ ਦਾਖਲੇ ਸਬੰਧੀ 1910 ਦੇ ਬਦਨਾਮ ਕਾਨੂੰਨ ਪਾਸ ਕੀਤੇ। ਇਨ੍ਹਾਂ ਅਨੁਸਾਰ ਕੋਈ ਏਸ਼ਿਆਈ ਮੁਲਕਾਂ ਦਾ ਰਹਿਣ ਵਾਲ਼ਾ, ਜੇ ਉਹਦੇ ਕੋਲ਼ 200 ਡਾਲਰ ਨਾ ਹੋਣ ਤੇ ਉਹ ਆਪਣੀ ਦੇਸ਼ ਭੂਮੀ ਤੋਂ ਕੈਨੇਡਾ ਤੱਕ ਤੋੜ ਦਾ ਟਿਕਟ ਲੈ ਕੇ ਸਿੱਧਾ ਲਗਾਤਾਰ ਸਫਰ ਕਰਕੇ ਨਾ ਆਇਆ ਹੋਵੇ, ਤਾਂ ਕੈਨੇਡਾ ਅੰਦਰ ਨਹੀਂ ਸੀ ਜਾ ਸਕਦਾ। ਸਾਫ਼ ਸੀ ਕਿ ਇਹ ਕਾਨੂੰਨ ਉਚੇਚੇ ਤੌਰ 'ਤੇ ਹਿੰਦੁਸਤਾਨੀਆਂ ਵਿਰੁੱਧ ਬਣਾਏ ਗਏ ਸਨ। ਉਹੋ ਹੀ ਬਦ-ਕਿਸਮਤ ਗ਼ੁਲਾਮ ਸਨ ਜਿਨ੍ਹਾਂ ਦੀ ਨਾ ਕੋਈ ਆਪਣੀ ਅਜ਼ਾਦ ਹਕੂਮਤ ਸੀ ਤੇ ਨਾ ਹੀ ਜਹਾਜ਼ੀ ਆਵਾਜਾਈ ਦਾ ਕੋਈ ਆਪਣਾ ਪ੍ਰਬੰਧ।

## ਇੱਕ ਨਵੇਂ ਖ਼ਿਆਲ ਦਾ ਜਨਮ

ਹਿੰਦੁਸਤਾਨੀਆਂ ਦੇ ਦਿਲਾਂ ਵਿੱਚ ਇੱਕ ਗ਼ੁਲਾਮ ਦੇਸ਼ ਵਿੱਚ ਜੰਮੇ ਹੋਣ ਦੀ ਅਤਿ ਦੀ ਨਮੋਸ਼ੀ ਸੀ। ਇਸ ਲਈ ਅਜ਼ਾਦ ਅਮਰੀਕੀ ਜਮਹੂਰੀਅਤ ਦੀਆਂ ਖ਼ੂਬੀਆਂ ਨੇ ਉਨ੍ਹਾਂ ਨੂੰ ਹੋਰ ਵੀ ਉਚੇਚੇ ਤੌਰ 'ਤੇ ਖਿੱਚ ਪਾਈ। ਇਸ ਜਮਹੂਰੀਅਤ, ਰਾਜਸੀ ਬਰਾਬਰੀ, ਆਮ ਸ਼ਹਿਰੀ ਦੇ ਹੱਕਾਂ ਲਈ ਸਤਿਕਾਰ ਤੇ ਅਜ਼ਾਦੀ ਦੇ ਵਾਯੂਮੰਡਲ ਵਿੱਚ, ਆਪਣੇ ਦੇਸ਼ ਵਿੱਚ ਪੁਲਿਸ ਦੇ ਛਾਂਟੇ ਖਾਂਦੇ ਗਏ ਇਨ੍ਹਾਂ ਪੰਜਾਬੀ ਮਜ਼ਦੂਰਾਂ ਨੇ ਰਾਜ ਪ੍ਰਬੰਧ ਦੇ ਤਰੀਕਿਆਂ ਵਿੱਚ ਮਨੁੱਖ ਦੀ ਸਭ ਤੋਂ ਵੱਡੀ ਸਫ਼ਲਤਾ ਤੱਕੀ।

ਇਸ ਤਰ੍ਹਾਂ ਜੋਤ ਜਗ ਉੱਠੀ, ਗ਼ੁਲਾਮ ਹੋਣ ਦੀ ਕੌਮੀ ਬੇਇੱਜ਼ਤੀ ਦੀ ਸੋਝੀ ਤੇ ਨਵੇਂ

ਲੱਭੇ ਜਮਹੂਰੀ ਆਦਰਸ਼ਾਂ ਵਿੱਚੋਂ ਇੱਕ ਨਵੀਂ ਜਾਗ੍ਰਿਤੀ ਪੈਦਾ ਹੋਈ। ਉਨ੍ਹਾਂ ਆਪਣੇ ਦੁਆਲ਼ੇ ਨਜ਼ਰ ਮਾਰੀ ਤੇ ਚੀਨ, ਤੁਰਕੀ, ਮਿਸਰ ਤੇ ਆਇਰਲੈਂਡ ਵਿੱਚ ਅਜ਼ਾਦੀ ਦੀਆਂ ਨਵੀਆਂ ਮਹਾਨ ਲਹਿਰਾਂ ਨੂੰ ਉੱਠਦਿਆਂ ਵੇਖਿਆ। ਇਨਕਲਾਬ-ਪਸੰਦ ਵਿਦਵਾਨਾਂ, ਲਾਲਾ ਹਰਦਿਆਲ, ਬਰਕਤ ਉਲਾਹ ਤੇ ਹੋਰਨਾਂ ਨੂੰ - ਜਿਹੜੇ ਉਦੋਂ ਤੱਕ ਆਪਣੇ ਧੜਿਆਂ ਦੀ ਤੰਗ ਦੁਨੀਆ ਵਿੱਚ ਬੰਦ ਸਨ ਤੇ ਅੰਧਾ ਧੁੰਦ ਜੁਗ ਪਲਟਾਊ (ਅਨਾਰਕਿਸਟ) ਰੁਚੀਆਂ ਰੱਖਦੇ ਸਨ - ਹੁਣ ਪਹਿਲੀ ਵਾਰ ਪੰਜਾਬੀ ਮਜ਼ਦੂਰ ਜਨਤਾ ਦੀ ਨਰੋਈ ਛੁਹ ਲੱਗੀ। ਜਲਦੀ ਹੀ ਗੁਰਦੁਆਰੇ, ਸਟਾਕਟਨ, (ਕੈਲੀਫੋਰਨੀਆ) ਤੇ ਵੈਨਕੂਵਰ (ਕੈਨੇਡਾ) ਵਿੱਚ, ਇਸ ਨਵੀਂ ਜਾਗ੍ਰਤੀ ਤੇ ਰਾਜਸੀ ਸਰਗਰਮੀ ਦੇ ਕੇਂਦਰ ਬਣ ਗਏ। ਕੈਲੀਫੋਰਨੀਆ ਦੇ ਖੇਤਾਂ ਵਿੱਚ, ਆਰੀਗਨ ਤੇ ਵਾਸ਼ਿੰਗਟਨ ਦੇ ਕਾਰਖਾਨਿਆਂ ਵਿੱਚ - ਕੇਂਦਰ ਜਿਨ੍ਹਾਂ ਵਿੱਚ ਹਜ਼ਾਰਾਂ ਮੀਲਾਂ ਦੀ ਵਿਥ ਸੀ - ਇੱਕ ਨਵਾਂ ਖਿਆਲ ਪੁੰਗਰ ਰਿਹਾ ਸੀ, ਬਰਤਾਨਵੀ ਰਾਜ ਵਿਰੁੱਧ ਬਗ਼ਾਵਤ ਦਾ ਖ਼ਿਆਲ। ਥੋੜ੍ਹੇ ਚਿਰ ਵਿੱਚ ਇਸ ਕੌਮੀ ਜਾਗ੍ਰਤੀ ਨੂੰ ਇੱਕ ਜਥੇਬੰਦੀ ਤੇ ਇੱਕ ਲਹਿਰ ਵਿੱਚ ਇਕਮੁੱਠ ਕਰਨ ਦੀ ਲੋੜ ਭਾਸਣ ਲੱਗ ਪਈ।

## ਗ਼ਦਰ ਪਾਰਟੀ

ਸੋਹਨ ਸਿੰਘ ਭਕਨਾ ਅਸਟੋਰੀਆ ਦੇ ਲਕੜੀ ਦੇ ਕਾਰਖਾਨੇ ਵਿੱਚ ਕੰਮ ਕਰਦੇ ਸਨ। ਉਨ੍ਹਾਂ ਨੇ ਆਪਣੇ ਸਾਥੀਆਂ ਦੀ ਮਦਦ ਨਾਲ਼ ਪਹਿਲ ਕੀਤੀ। 13 ਮਾਰਚ, 1913 ਨੂੰ ਅਸਟੋਰੀਆ ਵਿੱਚ ਇੱਕ ਮੀਟਿੰਗ ਸੱਦੀ ਗਈ। 120 ਦੇ ਲਗਭਗ ਹਿੰਦੁਸਤਾਨੀ ਸ਼ਾਮਿਲ ਹੋਏ, ਜਿਨ੍ਹਾਂ ਵਿੱਚ ਕੋਈ 40 ਅਰੀਗਨ ਤੇ ਵਾਸ਼ਿੰਗਟਨ ਦੇ ਸ਼ਹਿਰਾਂ ਤੇ ਕਾਰਖਾਨਿਆਂ ਦੇ ਚੁਣੇ ਹੋਏ ਨੁਮਾਇੰਦੇ ਸਨ। ਇੱਕ ਇਸ ਤੋਂ ਵੱਡੀ ਤੇ ਵਧੇਰੇ ਪ੍ਰਤੀਨਿਧ ਮੀਟਿੰਗ, 1 ਨਵੰਬਰ 1913 ਨੂੰ ਸਾਨਫਰਾਂਸਿਸਕੋ ਵਿੱਚ ਹੋਈ। ਇੱਥੇ ਪਹਿਲੀ ਮੀਟਿੰਗ ਦੇ ਫੈਸਲਿਆਂ ਨੂੰ ਮੁੜ ਪੱਕਿਆਂ ਕੀਤਾ ਗਿਆ। ਦੋਹਾਂ ਮੀਟਿੰਗਾਂ ’ਤੇ 15000 ਡਾਲਰ ਤੋਂ ਵੱਧ ਫੰਡ ਇਕੱਠਾ ਹੋਇਆ ਤੇ ਹਿੰਦੀ ਐਸੋਸੀਏਸ਼ਨ ਆਫ ਅਮਰੀਕਾ ਦੀ ਨੀਂਹ ਰੱਖੀ ਗਈ। ਹਿੰਦੀ, ਉਰਦੂ, ਮਰਾਠੀ ਤੇ ਗੁਰਮੁੱਖੀ ਵਿੱਚ ਇੱਕ ਹਫਤਾਵਾਰ ਅਖ਼ਬਾਰ ਕੱਢਣ ਦਾ ਫੈਸਲਾ ਕੀਤਾ ਗਿਆ। 1857 ਦੇ ਗ਼ਦਰ ਦੀ ਯਾਦ ਵਿੱਚ ਇਸ ਦਾ ਨਾਂ ਵੀ ‘ਗ਼ਦਰ’ ਰੱਖਿਆ ਗਿਆ। ਐਸੋਸੀਏਸ਼ਨ ਵੀ, ਅੱਜ ਮਹਾਨ ਇਨਕਲਾਬੀ ਯਾਦਾਂ ਤਾਜ਼ੀਆਂ ਕਰਨ ਵਾਲ਼ੇ ਨਾਂ, ਗ਼ਦਰ ਪਾਰਟੀ ਦੇ ਨਾਂ ਨਾਲ਼ ਮਸ਼ਹੂਰ ਹੋਈ।

ਇਹਦੇ ਬਾਨੀਆਂ ਵਿੱਚ ਮੁਖੀ ਸਨ - ਸੋਹਨ ਸਿੰਘ ਭਕਨਾ, ਜਵਾਲਾ ਸਿੰਘ, ਵਸਾਖਾ ਸਿੰਘ, ਸੰਤੋਖ ਸਿੰਘ, ਕਰਤਾਰ ਸਿੰਘ ਸਰਾਭਾ, ਕੇਸਰ ਸਿੰਘ, ਪ੍ਰਿਥਵੀ ਸਿੰਘ, ਰੂੜ ਸਿੰਘ, ਨਿਧਾਨ ਸਿੰਘ ਮਹੇਸਰੀ, ਨਿਧਾਨ ਸਿੰਘ ਚੁੱਘਾ, ਕਾਂਸ਼ੀ ਰਾਮ, ਜਗਤ ਰਾਮ, ਕਰਮ ਸਿੰਘ ਚੀਮਾ, ਭਾਗ ਸਿੰਘ ਕੈਨੇਡੀਅਨ, ਸ਼ੇਰ ਸਿੰਘ, ਲਾਲ ਸਿੰਘ, ਊਧਮ ਸਿੰਘ ਕਸੇਲ, ਸੰਤਾ ਸਿੰਘ ਗੰਡੀਵਿੰਡ ਤੇ ਹਰਨਾਮ ਸਿੰਘ ਟੁੰਡੀਲਾਟ - ਨਾਂ ਜਿਹੜੇ ਅੱਜ ਦੇਸ਼ ਦੀ ਅਜ਼ਾਦੀ

ਲਈ ਉਮਰਾਂ ਬਧੀ ਸੰਗਰਾਮਾਂ ਤੇ ਇਨਸਾਨੀ ਤਾਕਤ ਤੋਂ ਬਾਹਰੀਆਂ ਕੁਰਬਾਨੀਆਂ ਦੀ ਤਸਵੀਰ ਅੱਖਾਂ ਸਾਹਮਣੇ ਲੈ ਆਉਂਦੇ ਹਨ।

ਗ਼ਦਰ ਪਾਰਟੀ ਦੇ ਬੁਨਿਆਦੀ ਮਤਿਆਂ ਵਿੱਚ ਪਾਰਟੀ ਦਾ ਮੁੱਖ-ਮੰਤਵ ਬਰਤਾਨਵੀ ਰਾਜ ਨੂੰ ਉਲਟਾ ਕੇ ਹਿੰਦੁਸਤਾਨ ਵਿੱਚ ਅਜ਼ਾਦੀ ਦੇ ਬਰਾਬਰੀ ਦੀਆਂ ਨੀਹਾਂ 'ਤੇ ਇੱਕ ਅਜ਼ਾਦ ਕੌਮੀ ਜਮਹੂਰੀਅਤ ਦੀ ਉਸਾਰੀ ਕਰਨਾ ਸੀ ਤੇ ਇਸ ਮੰਤਵ ਨੂੰ ਕੇਵਲ ਇੱਕ ਹਥਿਆਰਬੰਦ ਕੌਮੀ ਇਨਕਲਾਬ ਰਾਹੀਂ ਹੀ ਸਿਰੇ ਚੜ੍ਹਾਇਆ ਜਾ ਸਕਦਾ ਸੀ। ਗ਼ਦਰ ਪਾਰਟੀ ਦੇ ਹਰ ਮੈਂਬਰ ਦਾ ਫਰਜ਼ ਸੀ ਕਿ ਉਹ ਦੁਨੀਆ ਦੇ ਕਿਸੇ ਹਿੱਸੇ ਵਿੱਚ ਵੀ ਹੋ ਰਹੀ ਗ਼ੁਲਾਮੀ-ਵਿਰੋਧੀ ਸੰਗਰਾਮ ਵਿੱਚ ਹਿੱਸਾ ਲਏ।

ਪਹਿਲੀਆਂ ਚੋਣਾਂ ਵਿੱਚ ਸੋਹਨ ਸਿੰਘ ਭਕਨਾ ਤੇ ਹਰਦਿਆਲ ਪਾਰਟੀ ਦੇ ਪ੍ਰਧਾਨ ਤੇ ਚੀਫ਼ ਸੈਕਟਰੀ ਚੁਣੇ ਗਏ। ਜਵਾਲਾ ਸਿੰਘ ਤੇ ਕੇਸਰ ਸਿੰਘ ਮੀਤ ਪ੍ਰਧਾਨ, ਕਾਂਸ਼ੀ ਰਾਮ ਖ਼ਜ਼ਾਨਚੀ, ਕਰੀਮ ਬਖ਼ਸ਼ ਤੇ ਮੁਨਸ਼ੀ ਰਾਮ ਆਰਗੇਨਾਇਜ਼ਿੰਗ ਸੈਕਟਰੀ ਚੁਣੇ ਗਏ। ਬਹੁਤ ਸਾਰੇ ਬੁਨਿਆਦੀ ਮੈਂਬਰਾਂ 'ਤੇ ਨਿਰਭਰ ਇੱਕ ਆਰਗੇਨਾਇਜ਼ਿੰਗ ਕਮੇਟੀ ਅਤੇ ਵਧੇਰੇ ਗੁਪਤ ਤੇ ਰਾਜਸੀ ਕੰਮ ਲਈ ਤਿੰਨ ਬੰਦਿਆਂ ਦਾ ਇੱਕ ਕਮੀਸ਼ਨ ਵੀ ਚੁਣਿਆ ਗਿਆ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀ ਲਾਟ, ਤੇ ਜਗਤ ਰਾਮ 'ਗ਼ਦਰ' ਅਖ਼ਬਾਰ ਕੱਢਣ ਲਈ ਲਾਲਾ ਹਰਦਿਆਲ ਦੇ ਸਹਾਇਕ ਥਾਪੇ ਗਏ।

ਗ਼ਦਰ ਪਾਰਟੀ ਦਾ ਕੇਂਦਰੀ ਦਫ਼ਤਰ ਨੰ: 436 ਹਿਲ ਸਟਰੀਟ ਸਾਨਫਰਾਂਸਿਸਕੋ ਵਿੱਚ ਕਾਇਮ ਕੀਤਾ ਗਿਆ, ਜੋ ਜੁਗਾਂਤਰ ਆਸ਼ਰਮ ਦੇ ਨਾਂ ਨਾਲ਼ ਪ੍ਰਸਿੱਧ ਹੋਇਆ। 1918 ਵਿੱਚ ਪਾਰਟੀ ਨੇ ਨੰ: 5 ਵੂਡ ਸਟਰੀਟ ਵਿੱਚ ਆਪਣੀ ਬਿਲਡਿੰਗ ਖੜ੍ਹੀ ਕਰ ਲਈ।

1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਛਪ ਕੇ ਨਿਕਲਿਆ। ਇਹਦਾ ਇੱਕ ਇੱਕ ਅੱਖ਼ਰ ਸਾਮਰਾਜ ਵਿਰੁੱਧ ਕੌਮੀ ਬਗ਼ਾਵਤ ਦਾ ਸੁਨੇਹਾ ਦਿੰਦਾ ਸੀ। ਹਰ ਪਰਚੇ ਵਿੱਚ ਇੱਕ ਮਜ਼ਮੂਨ "ਬਰਤਾਨਵੀ ਰਾਜ ਦਾ ਕੱਚਾ ਚਿੱਠਾ" ਹੁੰਦਾ ਸੀ। ਇਹ ਗ਼ੁਲਾਮੀ ਹੇਠ ਨਪੀੜੇ ਹਿੰਦੁਸਤਾਨੀਆਂ ਦੀਆਂ ਅਕਹਿ ਮੁਸੀਬਤਾਂ ਤੇ ਅਤਿਅੰਤ ਗਿਰਾਵਟ ਤੇ ਮੰਦਹਾਲੀ ਦੀ ਵਾਰਤਾ ਸੀ। ਅਜ਼ਾਦੀ ਦੇ ਸਿਪਾਹੀਆਂ ਨੂੰ 'ਗ਼ਦਰ' ਕੇਵਲ ਮੌਤ ਤੇ ਸ਼ਹਾਦਤ ਦਾ ਇਕਰਾਰ ਹੀ ਕਰਦਾ ਸੀ - ਤਾਂ ਵੀ ਅਜਿਹੇ ਸਿਪਾਹੀਆਂ ਦੀ ਗਿਣਤੀ ਵਧਦੀ ਹੀ ਗਈ। ਕੁੱਝ ਮਹੀਨਿਆਂ ਵਿੱਚ ਹੀ ਗ਼ਦਰ ਪਾਰਟੀ ਦੀ ਮੈਂਬਰਸ਼ਿਪ 5000 ਤੱਕ ਪਹੁੰਚ ਗਈ। ਚੰਦੇ ਤੇ ਸਹਾਇਤਾ ਧੜਾ-ਧੜ ਬਗ਼ਾਵਤ ਦੀਆਂ ਗੋਲਕਾਂ ਭਰਨ ਲੱਗੇ। ਹਜ਼ਾਰਾਂ ਹਿੰਦੁਸਤਾਨੀ ਮਜ਼ਦੂਰਾਂ ਦੀ ਲਹੂ ਪਸੀਨਾ ਇੱਕ ਕਰਕੇ ਕੀਤੀ ਕਮਾਈ 'ਚੋਂ ਆਈ ਇਸ ਉਗਰਾਹੀ ਦੀ ਇੱਕ ਇੱਕ ਪਾਈ ਕੀਮਤੀ ਸੀ - ਤੇ ਗ਼ਦਰ ਪਾਰਟੀ ਦੇ ਲੀਡਰ ਇਹ ਜਾਣਦੇ ਸਨ ਤੇ ਉਨ੍ਹਾਂ ਆਪ ਆਪਣਾ ਸਭ ਕੁੱਝ ਪਾਰਟੀ ਦੇ ਹਵਾਲੇ ਕਰ ਦਿੱਤਾ ਸੀ, ਤੇ ਕੇਵਲ ਗੁਜ਼ਾਰੇ ਦੇ ਖਰਚ ਤੇ ਸਾਰਾ ਵਕਤ ਪਾਰਟੀ ਦਾ ਕੰਮ ਕਰਨ ਲੱਗ ਪਏ ਸਨ।

'ਗ਼ਦਰ' ਅਖ਼ਬਾਰ ਦੂਰ ਦੇਸ਼ਾਂ ਕੈਨੇਡਾ, ਮਲਾਇਆ, ਜਾਪਾਨ, ਚੀਨ, ਫ਼ਿਲਪਾਈਨਜ਼, ਫਿਜੀ ਤੇ ਅਰਜਨਟਾਈਨਾ ਤੱਕ ਜਾ ਪੁੱਜਾ। ਪਰਚੇ ਹਿੰਦੁਸਤਾਨ ਤੱਕ ਵੀ ਪੁੱਜਣੇ ਸ਼ੁਰੂ ਹੋ

ਗਏ। ਅਖ਼ਬਾਰ ਦੇ ਨਾਲ਼ ਹੀ ਗ਼ਦਰ ਪਾਰਟੀ ਦੀ ਜਥੇਬੰਦੀ ਵੀ ਫੈਲੀ। ਕੇਵਲ ਅਮਰੀਕਾ ਤੇ ਕੈਨੇਡਾ ਵਿੱਚ ਹੀ ਗ਼ਦਰ ਪਾਰਟੀ ਦੀਆਂ 72 ਸ਼ਾਖਾਂ ਕਾਇਮ ਹੋ ਗਈਆਂ ਸਨ।

ਨੌਜਵਾਨ ਗ਼ਦਰ ਇਨਕਲਾਬੀਆਂ ਨੇ ਜਲਦੀ ਹੀ ਦੂਜੇ ਦੇਸ਼ਾਂ, ਜ਼ਾਰ ਸ਼ਾਹੀ ਰੂਸ, ਚੀਨ ਤੇ ਆਇਰਲੈਂਡ ਦੇ ਸਾਥੀ ਇਨਕਲਾਬੀਆਂ ਨਾਲ਼ ਸੰਬੰਧ ਪੈਦਾ ਕਰ ਲਏ। ਉਨ੍ਹਾਂ ਦੀ ਖ਼ੁਸ਼ੀ ਤੇ ਫ਼ਖ਼ਰ ਦਾ ਕੋਈ ਅੰਤ ਨਹੀਂ ਸੀ ਜਦੋਂ ਇਨ੍ਹਾਂ ’ਚੋਂ ਇੱਕ ਨੇ 25 ਹਿੰਦੁਸਤਾਨੀ ਇਨਕਲਾਬੀਆਂ ਨੂੰ ਜੁਗਾਂਤਰ ਆਸ਼ਰਮ ਵਿੱਚ ਕੇਵਲ 2 ਡਾਲਰ ਰੋਜ਼ ਦੇ ਖਰਚ ’ਤੇ ਗੁਜ਼ਾਰਾ ਕਰਦਿਆਂ ਵੇਖ ਕੇ ਆਖਿਆ, “ਜੇਕਰ ਭਾਰਤ ਮਾਂ ਦੇ ਸਪੂਤ ਅਜਿਹਾ ਜੀਵਨ ਜਿਉਂ ਕੇ ਇਨਕਲਾਬ ਦੀਆਂ ਲੜਾਈਆਂ ਲੜ ਸਕਦੇ ਹਨ – ਤਾਂ ਉਹਦੀ ਆਜ਼ਾਦੀ ਦਾ ਦਿਨ ਦੂਰ ਨਹੀਂ।”

ਗ਼ਦਰ ਪਾਰਟੀ ਕੋਈ ਮਾਮੂਲੀ ਸਾਜਸ਼ ਨਹੀਂ ਸੀ – ਉਹ ਪ੍ਰਦੇਸਾਂ ਦੇ ਹਜ਼ਾਰਾਂ ਹਿੰਦੁਸਤਾਨੀਆਂ ਦੀ ਅਜ਼ਾਦੀ ਦੀ ਲਹਿਰ ਸੀ ਤੇ ਬਰਤਾਨਵੀ ਹਕੂਮਤ ਵੀ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਸੀ। ਉਹਨੇ ਇਹ ਲਹਿਰ ਤੋੜਨ ਦੀ ਹਰ ਕੋਸ਼ਿਸ਼ ਕੀਤੀ। ਆਪਣੇ ਏਜੰਟਾਂ ਨੂੰ ਗ਼ਦਰ ਪਾਰਟੀ ਅੰਦਰ ਭੇਜਿਆ। ਖੁਫੀਆ ਪੁਲਿਸ ਦੇ ਬੰਦਿਆਂ ਨੂੰ ਗ੍ਰੰਥੀਆਂ ਦੇ ਤੌਰ ’ਤੇ ਅਮਰੀਕਾ ਵਿੱਚ ਲਿਆਂਦਾ ਤੇ ਉਨ੍ਹਾਂ ਤੋਂ ਫਤਵੇ ਲੁਵਾਏ ਕਿ ਗ਼ਦਰ ਪਾਰਟੀ ਦੇ ਆਗੂ ਸਿੱਖ ਨਹੀਂ। ਉਹਨੇ ਅਮਰੀਕਨ ਸਮਾਜ ਦੇ ਸਭ ਤੋਂ ਗਿਰੇ ਹੋਏ ਅਨਸਰਾਂ ਨਾਲ਼ ਗਾਂਢੇ ਸਾਂਢੇ ਕੀਤੇ ਤੇ ਹਿੰਦੁਸਤਾਨੀਆਂ ਵਿਰੁੱਧ ਐਜੀਟੇਸ਼ਨ ਨੂੰ ਉਕਸਾਉਣ ਤੇ ਉਹਦੀ ਸਹਾਇਤਾ ਕਰਨੋਂ ਵੀ ਦਰੇਗ਼ ਨਾ ਕੀਤਾ।

ਮਾਰਚ 1914 ਵਿੱਚ ਹਰਦਿਆਲ ਨੂੰ ਇੱਕ ਮੁਤਸ਼ੱਬਾ ਬਦੇਸ਼ੀ ਜਾਣ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਮੁਕੱਦਮਾ ਚਲਾ ਕੇ ਉਹਨੂੰ ਅਮਰੀਕਾ ’ਚੋਂ ਬਾਹਰ ਕੱਢ ਦੇਣ ਦੀ ਸਲਾਹ ਸੀ। ਪਾਰਟੀ ਨੇ ਉਹਨੂੰ ਜ਼ਮਾਨਤ ’ਤੇ ਰਿਹਾ ਕਰਵਾ ਕੇ ਸਵਿਟਜ਼ਰਲੈਂਡ ਭੇਜ ਦਿੱਤਾ, ਜ਼ਮਾਨਤ ਜ਼ਬਤ ਹੋ ਗਈ।

ਹਰਦਿਆਲ ਇਸ ਤੋਂ ਪਿੱਛੋਂ ਗ਼ਦਰ ਪਾਰਟੀ ਨਾਲ਼ ਸਿੱਧੇ ਸੰਬੰਧ ਪੈਦਾ ਨਾ ਕਰ ਸਕਿਆ ਤੇ ਇੱਕ ਤਰ੍ਹਾਂ ਨਾਲ਼ ਉਹਦਾ ਗ਼ਦਰ ਲਹਿਰ ਵਿੱਚ ਹਿੱਸਾ ਖ਼ਤਮ ਹੋ ਗਿਆ। ਪਰ ਅਮਰੀਕਾ ਵਿੱਚ ਇਹ ਇਨਕਲਾਬੀ ਝੱਖੜ ਝੁਲਦਾ ਗਿਆ ਤੇ ਗ਼ਦਰ ਪਾਰਟੀ ਦਿਨੋ ਦਿਨ ਮਜ਼ਬੂਤ ਹੁੰਦੀ ਗਈ।

ਦੂਜੇ ਪਾਸੇ ਯੂਰਪ ਉੱਤੇ ਪਹਿਲੀ ਸਾਮਰਾਜੀ ਜੰਗ ਦੇ ਕਾਲ਼ੇ ਬੱਦਲ ਛਾ ਰਹੇ ਸਨ ਅਤੇ ਇਸੇ ਮੌਕੇ ਨੂੰ ਤਾੜ ਕੇ ਗ਼ਦਰ ਪਾਰਟੀ ਅੰਗਰੇਜ਼ਾਂ ਵਿਰੁੱਧ ਡੱਟ ਕੇ ਉਸ ਦੇ ਰਾਜ ਨੂੰ ਉਲਟਾਉਣ ਲਈ ਕੰਮ ਕਰ ਰਹੀ ਸੀ।

## ਕਾਮਾਗਾਟਾਮਾਰੂ

1910 ਵਿੱਚ ਕੈਨੇਡਾ ਵਿੱਚ ਪਾਸ ਹੋਏ ਦਾਖਲੇ ਸੰਬੰਧੀ ਕਾਨੂੰਨਾਂ ਨੇ ਅੱਗੋਂ ਲਈ ਹਿੰਦੁਸਤਾਨੀਆਂ ਦਾ ਕੈਨੇਡਾ ਅੰਦਰ ਆਉਣਾ ਹੀ ਨਹੀਂ ਰੋਕ ਦਿੱਤਾ ਸੀ, ਸਗੋਂ ਇਨ੍ਹਾਂ ਦਾ ਮਤਲਬ ਸੀ ਕਿ ਬਰਮਾ, ਮਲਾਇਆ, ਸਿੰਘਾਪੁਰ ਤੇ ਚੀਨ ਤੱਕ ਪਹੁੰਚ ਚੁੱਕੇ ਉਹ ਹਿੰਦੁਸਤਾਨੀ

ਜਿਨ੍ਹਾਂ ਅਮਰੀਕਾ ਤੇ ਕੈਨੇਡਾ ਪਹੁੰਚਣ ਦੀ ਕੋਸ਼ਿਸ਼ ਵਿੱਚ ਆਪਣਾ ਸਭ ਕੁੱਝ ਵੇਚ ਜਾਂ ਗਹਿਣੇ ਪਾ ਦਿੱਤਾ ਸੀ, ਇਨ੍ਹਾਂ ਇਲਾਕਿਆਂ ਵਿੱਚ ਹੀ ਫਸੇ ਰਹਿ ਜਾਣਗੇ। ਕੈਨੇਡਾ ਵਿੱਚ ਵੱਸ ਚੁੱਕੇ ਹਿੰਦੁਸਤਾਨੀਆਂ ਦੀਆਂ ਮਾਵਾਂ ਭੈਣਾਂ ਤੇ ਵਹੁਟੀਆਂ ਹੁਣ ਕੈਨੇਡਾ ਦੇ ਕੰਢਿਆਂ ਤੱਕ ਤਾਂ ਪਹੁੰਚ ਸਕਦੀਆਂ ਸਨ, ਪਰ ਕੁੱਝ ਮਹੀਨੇ ਕੁਆਰਨਟੀਨਾਂ ਵਿੱਚ ਖੱਜਲ ਖੁਆਰ ਹੋ ਕੇ ਵਾਪਸ ਮੁੜਨ ਲਈ। ਹਰ ਥਾਂ ਹਿੰਦੁਸਤਾਨੀਆਂ ਵਿੱਚ ਇਹਦੇ ਵਿਰੁੱਧ ਰੋਸ ਤੇ ਗੁੱਸੇ ਦੀ ਲਹਿਰ ਪੈਦਾ ਹੋਈ, ਪਰ ਲੰਦਨ ਵਿੱਚ ਬਿਰਾਜਮਾਨ ਵਜ਼ੀਰੇ ਹਿੰਦ ਇਸ ਬਾਰੇ ਕਿਸੇ ਡੈਪੂਟੇਸ਼ਨ ਨੂੰ ਮਿਲਣ ਲਈ ਵੀ ਤਿਆਰ ਨਹੀਂ ਸੀ।

ਕੈਨੇਡੀਅਨ ਹਕੂਮਤ ਸਮਝੀ ਬੈਠੀ ਸੀ ਕਿ 1910 ਦੇ ਕਾਨੂੰਨ ਪਾਸ ਕਰਕੇ ਉਹ ਇਸ ਮਾਮਲੇ ’ਤੇ ਆਪਣਾ ਅਖੀਰੀ ਫੈਸਲਾ ਸੁਣਾ ਚੁੱਕੀ ਸੀ। ਪਰ ਇਹ ਸੋਚਣ ਵਿੱਚ ਉਹਨੇ ਉਨ੍ਹਾਂ ਸਤੇ ਹੋਏ ਲੋਕਾਂ ਦੇ ਵਸੀਲਿਆਂ ਦਾ ਠੀਕ ਅੰਦਾਜ਼ਾ ਨਹੀਂ ਸੀ ਲਾਇਆ ਜਿਹੜੇ ਨਾ ਕੇਵਲ ਆਪਣੀ ਰੋਜ਼ੀ ਕਮਾਉਣ ਦੀ ਕੋਸ਼ਿਸ਼ ਵਿੱਚ ਸਭ ਕੁੱਝ ਕਰ ਗੁਜ਼ਰਨ ਨੂੰ ਤਿਆਰ ਸਨ, ਸਗੋਂ ਹੁਣ ਇਸ ਹੈਂਕੜ ਭਰੀ ਵੰਗਾਰ ਦਾ ਜਵਾਬ ਦੇਣ ਲਈ ਵੀ ਉਤਾਵਲੇ ਸਨ। ਅਮਰੀਕਾ ਤੇ ਕੈਨੇਡਾ ਵਿੱਚ ਫੰਡ ਇਕੱਠਾ ਕੀਤਾ ਗਿਆ। ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਵਿੱਚ ਜਾਪਾਨੀ ਜਹਾਜ਼ ਕਾਮਾਗਾਟਾਮਾਰੂ ਨੂੰ ਚਾਰਟਰ ਕੀਤਾ। ਕਲਕੱਤੇ ਤੇ ਸਿੰਘਾਪੁਰ ਤੋਂ ਕੋਈ 500 ਦੇ ਲਗਭਗ ਸਵਾਰੀਆਂ ਲੈ ਕੇ 15 ਅਪ੍ਰੈਲ 1915 ਨੂੰ ਇਹ ਜਹਾਜ਼ ਕੈਨੇਡਾ ਲਈ ਟੁਰ ਪਿਆ।23 ਮਈ ਨੂੰ ਕਾਮਾਗਾਟਾਮਾਰੂ ਵੈਨਕੂਵਰ ਦੀ ਬੰਦਰਗਾਹ ਵਿੱਚ ਪਹੁੰਚ ਗਿਆ। ਕਾਨੂੰਨ ਦੀ ਹਰ ਸ਼ਰਤ ਪੂਰੀ ਹੋ ਚੁੱਕੀ ਸੀ – ਪਰ ਹਕੂਮਤ ਨੇ ਕੈਨੇਡਾ ਦੀ ਧਰਤੀ ’ਤੇ ਉਤਰਨ ਦੀ ਇਜਾਜ਼ਤ ਦੇਣੋਂ ਇਨਕਾਰ ਕਰ ਦਿੱਤਾ ਤੇ ਜਹਾਜ਼ ਨੂੰ ਵਾਪਸ ਲੈ ਜਾਣ ਲਈ ਆਖਿਆ।

ਮੁਸਾਫਰਾਂ ਨੇ ਇਸ ਬੇਇੱਜ਼ਤੀ ਭਰੇ ਹੁਕਮ ਨੂੰ ਮੰਨਣੋਂ ਇਨਕਾਰ ਕਰ ਦਿੱਤਾ – ਤੇ ਘੋਲ਼ ਸ਼ੁਰੂ ਹੋ ਗਿਆ, ਦਿਨ ਲੰਘਦੇ ਗਏ, ਉਨ੍ਹਾਂ ਦੀ ਰਸਦ ਮੁੱਕ ਗਈ ਤੇ ਪਾਣੀ ਦੀ ਘਾਟ ਵੀ ਮਹਿਸੂਸ ਹੋਣ ਲੱਗੀ – ਪਰ ਉਹ ਲੜਦੇ ਗਏ।ਮੁਸਾਫਰਾਂ ਨੂੰ ਇੰਜ ਅੜੇ ਵੇਖ, ਕੈਨੇਡੀਅਨ ਹਕੂਮਤ ਨੇ ਫੌਜੀ ਕਾਰਵਾਈ ਕਰਨ ਦੀ ਧਮਕੀ ਦਿੱਤੀ। ਜੰਗੀ ਜਹਾਜ਼ਾਂ ਨੇ ਕਾਮਾਗਾਟਾਮਾਰੂ ਨੂੰ ਘੇਰ ਲਿਆ – ਤੇ ਸਾਰੇ ਸ਼ਹਿਰ ਵਿੱਚ ਖ਼ਬਰ ਫੈਲ਼ ਗਈ ਕਿ ਜੇ ਜਹਾਜ਼ ਨੂੰ ਬੰਦਰਗਾਹ ’ਚੋਂ ਬਾਹਰ ਨਾ ਲਿਜਾਇਆ ਗਿਆ ਤਾਂ ਗੋਲ਼ੀ ਚਲਾ ਦਿੱਤੀ ਜਾਵੇਗੀ।

ਅਮਰੀਕਾ ਤੇ ਕੈਨੇਡਾ ਦੇ ਹਿੰਦੁਸਤਾਨੀ ਅੱਗੇ ਹੀ ਆਪਣੇ ਭਰਾਵਾਂ ਦੀ ਮਦਦ ਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਉੱਠੇ ਹੋਏ ਸਨ। ਜਹਾਜ਼ ਦੇ ਕਰਾਏ ਦੇ ਬਾਕੀ 22000 ਡਾਲਰ ਇਕੱਠੇ ਕਰਕੇ ਦਿੱਤੇ ਜਾ ਚੁੱਕੇ ਸਨ। ਹਰ ਥਾਂ ਮੀਟਿੰਗਾਂ ਮੁਜ਼ਾਹਰੇ ਤੇ ਹੜਤਾਲਾਂ ਜਥੇਬੰਦ ਕੀਤੇ ਗਏ ਸਨ। ਹਕੂਮਤ ਦੀ ਪੱਥਰ ਦਿਲੀ ਤੇ ਮੁਸਾਫਿਰਾਂ ਦੀ ਹਾਲਤ ਨੇ ਕੈਨੇਡੀਅਨਾਂ ਦੇ ਦਿਲਾਂ ਨੂੰ ਵੀ ਟੁੰਬਿਆ ਤੇ ਉਨ੍ਹਾਂ ਕਾਮਾਗਾਟਾਮਾਰੂ ਦੇ ਖਿਲਾਫ਼ ਤਾਕਤ ਦੀ ਵਰਤੋਂ ਦੀ ਨਿਖੇਧੀ ਕੀਤੀ। ਉਹ ਅੱਗੇ ਹੀ ਆਪੇ ਤੋਂ ਬਾਹਰ ਸਨ। ਪਰ ਜਦੋਂ ਏਸ ਗੋਲ਼ੀ ਚਲਾਉਣ ਦੀ ਨਵੀਂ ਧਮਕੀ ਦੀ ਖ਼ਬਰ ਹਿੰਦੁਸਤਾਨੀਆਂ ਨੂੰ ਮਿਲੀ, ਫੌਰਨ ਵੈਨਕੂਵਰ ਦੇ

ਗੁਰਦੁਆਰੇ ਵਿੱਚ 4000 ਹਿੰਦੁਸਤਾਨੀਆਂ ਦੀ ਮੀਟਿੰਗ ਸੱਦੀ ਗਈ। ਜਜ਼ਬੇ ਹੱਦੋਂ ਜ਼ਿਆਦਾ ਭੜਕੇ ਹੋਏ ਸਨ। ਉਨ੍ਹਾਂ ਇੱਟ ਦਾ ਜਵਾਬ ਪੱਥਰ ਨਾਲ਼ ਦੇਣ ਦੀਆਂ ਸਹੁੰਆਂ ਖਾਧੀਆਂ। ਐਲਾਨ ਕਰ ਦਿੱਤਾ ਗਿਆ ਕਿ ਜੇ ਕਾਮਾਗਾਟਾਮਾਰੂ ਉੱਤੇ ਗੋਲ਼ੀ ਚਲਾਈ ਗਈ, ਤਾਂ ਹਿੰਦੁਸਤਾਨੀ ਸਾਰੇ ਵੈਨਕੂਵਰ ਸ਼ਹਿਰ ਨੂੰ ਅੱਗ ਲਾ ਦੇਣਗੇ। ਕੈਨੇਡੀਅਨ ਹਕੂਮਤ ਨੂੰ ਆਪਣੀਆਂ ਫੌਜੀ ਤਿਆਰੀਆਂ ਬੰਦ ਕਰਨੀਆਂ ਪਈਆਂ।

ਪਰ ਮੁਸਾਫਿਰਾਂ ਦੀ ਹਾਲਤ ਦਿਨੋ ਦਿਨ ਭੈੜੀ ਹੋ ਰਹੀ ਸੀ। ਫਾਕੇ ਕੱਟ ਰਹੇ ਤੇ ਪਾਣੀ ਖੁਣੋਂ ਪਿਆਸੇ 400 ਹਿੰਦੁਸਤਾਨੀ ਮੁਸਾਫਿਰਾਂ ਲਈ ਇੱਕ ਦੇਸ਼ ਦੀ ਹਥਿਆਰਬੰਦ ਹਕੂਮਤ ਵਿਰੁੱਧ ਬਹੁਤਾ ਚਿਰ ਇਹ ਨਾਬਰਾਬਰ ਘੋਲ਼ ਜਾਰੀ ਰੱਖਣਾ ਅਸੰਭਵ ਸੀ। ਅਖੀਰ 23 ਜੁਲਾਈ ਨੂੰ ਕਾਮਾਗਾਟਾਮਾਰੂ ਨੂੰ ਮਜਬੂਰਨ ਬੰਦਰਗਾਹ 'ਚੋਂ ਨਿਕਲਣਾ ਪਿਆ। ਕੈਨੇਡਾ ਦੀ ਹਕੂਮਤ ਕੇਵਲ ਮੁਸਾਫਿਰਾਂ ਦਾ ਖਰਚਾ ਬਰਦਾਸ਼ਤ ਕਰਨ ਨੂੰ ਹੀ ਤਿਆਰ ਹੋਈ।

ਵਾਪਸ ਮੁੜ ਰਿਹਾ ਕਾਮਾਗਾਟਾਮਾਰੂ ਹੁਣ ਇਨਕਲਾਬ ਦਾ ਜਹਾਜ਼ ਬਣ ਚੁੱਕਾ ਸੀ। ਉਹਦੇ ਮੁਸਾਫਿਰਾਂ ਨੇ ਹੁਣ ਬਾਹਰਲੇ ਦੇਸ਼ ਵਿੱਚ ਪਹੁੰਚਣ ਲਈ ਆਪਣਾ ਸਭ ਕੁੱਝ ਲਾ ਦਿੱਤਾ ਸੀ। ਹੁਣ ਉਨ੍ਹਾਂ ਦੇ ਦਿਲਾਂ ਵਿੱਚ ਕੇਵਲ ਇੱਕੋ ਲਗਨ ਸੀ ਤੇ ਉਹ ਇੱਕੋ ਧੜਕਦੇ ਇਰਾਦੇ ਨਾਲ਼ ਜਿਊਂ ਰਹੇ ਸਨ, ਬਰਤਾਨਵੀ ਰਾਜ ਦਾ ਤਖ਼ਤਾ ਉਲਟਾਉਣ ਤੇ ਆਪਣੇ ਦੇਸ਼ ਦੀ ਇੱਜ਼ਤ ਤੇ ਅਜ਼ਾਦੀ ਲਈ ਸੰਗਰਾਮ ਦਾ ਪਵਿੱਤਰ ਇਰਾਦਾ। ਇਨ੍ਹਾਂ ਮੁਸਾਫਿਰਾਂ ਵਿੱਚ ਇੱਕ ਨੌਜਵਾਨ ਗੁਰਮੁੱਖ ਸਿੰਘ ਸੀ।

ਗ਼ਦਰ ਪਾਰਟੀ ਨੇ ਕਾਮਾਗਾਟਾਮਾਰੂ ਦੇ ਮੁਸਫਿਰਾਂ ਦੀ ਮਦਦ ਲਈ ਜੋ ਬਣ ਪਾਇਆ ਕੀਤਾ ਸੀ। ਪਰ ਆਪਣੇ ਵਤਨੀਂ ਭਰਾਵਾਂ ਨਾਲ਼ ਇਹ ਜ਼ਿੱਲਤ ਭਰਿਆ ਤੇ ਪਸ਼ੂਆਂ ਵਾਲ਼ਾ ਸਲੂਕ ਉਨ੍ਹਾਂ ਦੇ ਜੇਰੇ ਤੋਂ ਬਾਹਰ ਸੀ। ਉਨ੍ਹਾਂ ਦੇ ਸਬਰ ਦਾ ਪਿਆਲਾ ਛਲਕ ਚੁੱਕਾ ਸੀ। ਸਾਲਾਂ ਬੱਧੀਂ ਦਿਲਾਂ ਵਿੱਚ ਮੱਘ ਰਹੀ ਸਾਮਰਾਜ ਵਿਰੋਧੀ ਨਫ਼ਰਤ ਹੁਣ ਹੋਰ ਚਿਰ ਦਬਾ ਕੇ ਨਹੀਂ ਸੀ ਰੱਖੀ ਜਾ ਸਕਦੀ। ਉਨ੍ਹਾਂ ਨੂੰ ਅਜ਼ਾਦੀ ਦੀਆਂ ਲੜਾਈਆਂ ਸੈਨੀਆਂ ਕਰ ਰਹੀਆਂ ਸਨ, ਕਾਮਾਗਾਟਾਮਾਰੂ ਜਿਹੀ ਘਟਨਾ ਹੋ ਜਾਣ ਵਾਲ਼ੀ ਹਕੂਮਤ ਨੂੰ ਰਾਜ ਕਰਨ ਦਾ ਕੋਈ ਇਖ਼ਲਾਕੀ ਹੱਕ ਨਹੀਂ ਸੀ।

## ਦੇਸ਼ ਨੂੰ ਵਾਪਸੀ

ਗ਼ਦਰ ਪਾਰਟੀ ਨੇ ਕੇਵਲ ਪ੍ਰਦੇਸੀਂ ਗਏ ਹਿੰਦੁਸਤਾਨੀਆਂ ਨੂੰ ਜਥੇਬੰਦ ਹੀ ਨਹੀਂ ਸੀ ਕੀਤਾ ਸਗੋਂ ਅਜ਼ਾਦੀ ਦੇ ਖ਼ਿਆਲ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਉਨ੍ਹਾਂ ਦੀਆਂ ਜ਼ਿੰਦਗੀਆਂ ਪਲਟਾ ਦਿੱਤੀਆਂ। ਤੰਗ ਖ਼ੁਦਗ਼ਰਜ਼ ਮਾਹੌਲ ਦੀ ਥਾਂ ਇੱਕ ਸਾਂਝੇ ਆਦਰਸ਼ ਲਈ ਲੜ ਰਹੇ ਭਾਈਚਾਰੇ ਵਿੱਚ ਸ਼ਾਮਿਲ ਹੋ ਗਏ। ਹੜਤਾਲਾਂ ਤੋੜਣ ਦੇ ਦਿਨ ਮੁੱਕ ਗਏ – ਮਜ਼ਦੂਰ, ਜਥੇਬੰਦੀਆਂ ਵਿੱਚ ਸ਼ਾਮਿਲ ਹੋ ਰਹੇ ਸਨ। ਸ਼ਰਾਬੀਆਂ ਦੇ ਦੰਗੇ ਫਸਾਦ ਜਿਨ੍ਹਾਂ ਲਈ ਹਿੰਦੁਸਤਾਨੀ ਅੱਗੇ ਹੀ ਕਾਫੀ ਬਦਨਾਮ ਸਨ, ਖ਼ਤਮ ਹੋ ਗਏ – ਤੇ ਇਹ ਗੱਲ ਹੁਣ ਸਾਰੀ

ਕੌਮ ਦੀ ਬੇਇੱਜ਼ਤੀ ਸਮਝੀ ਜਾਣ ਲੱਗ ਪਈ। ਹਿੰਦੁਸਤਾਨੀਆਂ ਨੇ ਅਖੀਰ ਕੁੱਝ ਡਾਲਰਾਂ ਤੋਂ ਵੱਡੇ ਤੇ ਪਰ੍ਹੇ ਹੋਰ ਆਦਰਸ਼ ਲੱਭ ਲਏ ਸਨ – ਤੇ ਅਮਰੀਕਨ ਇਸ ਲਈ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਤਿੰਨ ਅਮਰੀਕਨ, ਜਿਨ੍ਹਾਂ ਵਿੱਚ ਇੱਕ ਇਸਤਰੀ ਵੀ ਸੀ, ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿੱਚ ਹਿੱਸਾ ਲੈਣ ਲਈ ਉਨ੍ਹਾਂ ਦੇ ਨਾਲ਼ ਹਿੰਦੁਸਤਾਨ ਤੱਕ ਆਏ। ਪਰ ਅੰਗਰੇਜ਼ੀ ਸਰਕਾਰ ਨੇ ਉਨ੍ਹਾਂ ਨੂੰ ਬੰਦਰਗਾਹਾਂ 'ਤੇ ਹੀ ਗ੍ਰਿਫ਼ਤਾਰ ਕਰਕੇ ਵਾਪਸ ਭੇਜ ਦਿੱਤਾ। ਕਾਰਖਾਨੇਦਾਰ ਵੀ ਹੈਰਾਨ ਹੋ ਕੇ ਪੁੱਛਦੇ ਸਨ, "ਕੁਛ ਮਹੀਨਿਆਂ ਵਿੱਚ ਹੀ ਇਨ੍ਹਾਂ ਹਿੰਦੁਸਤਾਨੀਆਂ ਨੂੰ ਆਖ਼ਰ ਹੋ ਕੀ ਗਿਆ ਹੈ ?"

ਇਹ ਬਦਲ ਚੁੱਕੇ ਹਿੰਦੁਸਾਤਨੀ ਸਨ, ਜਿਨ੍ਹਾਂ ਹੁਣ ਆਪਣੇ ਦੇਸ਼ ਵਾਪਸ ਮੁੜਨ ਦਾ ਫੈਸਲਾ ਕੀਤਾ। 1913 ਦੇ ਸ਼ੁਰੂ ਵਿੱਚ ਵੀ ਗ਼ਦਰ ਪਾਰਟੀ ਦੇ ਤਿੰਨ ਡੈਲੀਗੇਟ ਹਿੰਦੁਸਤਾਨ ਆਏ ਸਨ ਤੇ ਇਥੇ ਸਾਮਰਾਜ ਵਿਰੋਧੀ ਪ੍ਰਾਪੇਗੰਡਾ ਕਰ ਗਏ ਸਨ। ਗ਼ਦਰ ਪਾਰਟੀ ਦੇ ਮੈਂਬਰ ਚੰਗੀ ਤਰ੍ਹਾਂ ਜਾਣਦੇ ਸਨ ਕਿ ਬਰਤਾਨਵੀ ਸਾਮਰਾਜ ਵਿਰੁੱਧ ਅਸਲੀ ਲੜਾਈ ਹਿੰਦੁਸਤਾਨ ਵਿੱਚ ਹੀ ਲੜੀ ਜਾਣੀ ਸੀ। ਅਮਰੀਕਾ ਵਿੱਚ ਆਪਣੀਆਂ ਸਰਗਰਮੀਆਂ ਨੂੰ ਉਹ ਕੇਵਲ ਇਸ ਅਜ਼ਾਦੀ ਦੀ ਲੜਾਈ ਦੀ ਤਿਆਰੀ ਹੀ ਸਮਝਦੇ ਸਨ।

ਕਾਮਾਗਾਟਾਮਾਰੂ ਦੀ ਘਟਨਾ ਨੇ ਉਨ੍ਹਾਂ ਦੀ ਸਾਮਰਾਜ ਵਿਰੋਧੀ ਨਫ਼ਰਤ ਨੂੰ ਹੋਰ ਵੀ ਡੂੰਘਿਆਂ ਕਰ ਦਿੱਤਾ ਸੀ। ਆ ਰਹੀ ਸਾਮਰਾਜੀ ਜੰਗ ਦੇ ਲੰਮੇ ਕਾਲ਼ੇ ਪਰਛਾਵਿਆਂ ਨੇ ਉਨ੍ਹਾਂ ਨੂੰ ਆਪਣੀਆਂ ਤਿਆਰੀਆਂ ਹੋਰ ਵੀ ਤੇਜ਼ ਕਰ ਦੇਣ ਲਈ ਪ੍ਰੇਰਿਆ ਸੀ। ਸਾਰੇ ਅਮਰੀਕਾ ਵਿੱਚ ਮੀਟਿੰਗਾਂ ਹੋਈਆਂ, ਹਜ਼ਾਰਾਂ ਨੇ ਆਪਣੇ ਆਪ ਨੂੰ ਆ ਰਹੇ ਅਜ਼ਾਦੀ ਦੇ ਸੰਗਰਾਮਾਂ ਲਈ ਪੇਸ਼ ਕਰ ਦਿੱਤਾ।

ਸੋਹਨ ਸਿੰਘ ਭਕਨਾ ਕਾਮਾਗਾਟਾਮਾਰੂ ਦੇ ਮੁਸਾਫਿਰਾਂ ਦੇ ਨਾਲ਼ ਹੀ ਅਮਰੀਕਾ ਤੋਂ ਚੱਲ ਪਏ। ਇਹ ਸਮੁੰਦਰਾਂ ਉੱਤੇ ਹੀ ਸਨ ਕਿ ਲੜਾਈ ਸ਼ੁਰੂ ਹੋ ਗਈ। ਹੁਣ ਸੀ ਮੌਕਾ ਸਾਮਰਾਜ ਉੱਤੇ ਮਾਰੂ ਸੱਟ ਕਰਨ ਦਾ। ਗ਼ਦਰ ਪਾਰਟੀ ਨੇ ਆਪਣੇ ਮੈਂਬਰਾਂ ਨੂੰ ਹਿੰਦੁਸਤਾਨ ਮੁੜਨ ਦਾ ਹੁਕਮ ਦੇ ਦਿੱਤਾ। ਸਭ ਤੋਂ ਪਹਿਲੇ ਦੇਸ਼ ਮੁੜਨ ਵਾਲ਼ੇ ਜਥਿਆਂ ਵਿੱਚ ਕਰਤਾਰ ਸਿੰਘ ਸਰਾਭਾ, ਪ੍ਰਿਥਵੀ ਸਿੰਘ, ਕਰਮ ਸਿੰਘ ਚੀਮਾ, ਕੇਸਰ ਸਿੰਘ, ਜਵਾਲਾ ਸਿੰਘ, ਰੂੜ ਸਿੰਘ ਤੇ ਜਗਤ ਰਾਮ ਆਦਿ ਸ਼ਾਮਿਲ ਸਨ। ਸਾਲਾਂ ਦੀ ਜਾਨ ਤੋੜ ਮਿਹਨਤ ਨਾਲ਼ ਖੜੇ ਕੀਤੇ ਲੱਖਾਂ ਦੇ ਕਾਰੋਬਾਰ ਤੇ ਜਾਇਦਾਦਾਂ ਨੂੰ ਪਿੱਛੇ ਛੱਡ ਕੇ ਹਜ਼ਾਰਾਂ ਹਿੰਦੁਸਤਾਨੀ ਅਮਰੀਕਨ ਧਰਤੀ ਨੂੰ ਹਮੇਸ਼ਾ ਲਈ ਖ਼ੈਰਬਾਦ ਆਖ ਗਏ। ਬਹੁਤਿਆਂ ਨੇ ਹਥਿਆਰ ਖਰੀਦ ਲਏ। ਹੁਣ ਇਹੋ ਉਨ੍ਹਾਂ ਦੀ ਸਭ ਤੋਂ ਕੀਮਤੀ ਜਾਇਦਾਦ ਸਨ।

ਉਨ੍ਹਾਂ ਨੂੰ ਹਿੰਦੁਸਤਾਨ ਦੇ ਅੰਦਰਲੇ ਹਾਲਾਤ ਬਾਰੇ ਬਹੁਤ ਘੱਟ ਵਾਕਫ਼ੀ ਸੀ। ਕੇਵਲ ਇੱਕ ਖਿਆਲ ਨੇ ਉਨ੍ਹਾਂ ਦੇ ਦਿਲ ਤੇ ਦਿਮਾਗ਼ ਮੱਲ ਰੱਖੇ ਸਨ – ਅਜਿਹਾ ਮੌਕਾ ਫੇਰ ਕਦੇ ਹੱਥ ਨਹੀਂ ਆਏਗਾ। ਸ਼ਾਇਦ ਉਨ੍ਹਾਂ ਸਾਰਿਆਂ ਨੂੰ ਹੀ ਆਪਣੀਆਂ ਜਾਨਾਂ ਕੁਰਬਾਨ ਕਰਨੀਆਂ ਪੈਣ, ਪਰ ਮਰਨ ਤੋਂ ਪਹਿਲਾਂ ਉਹ ਘੱਟੋ ਘੱਟ ਅਜ਼ਾਦੀ ਲਈ ਦੁਸ਼ਮਨ ਉੱਤੇ ਇੱਕ ਵਾਰ ਤਾਂ ਜ਼ਰੂਰ ਕਰ ਜਾਣਗੇ।

ਜਾਪਾਨ ਵਿੱਚ ਬਰਕਤ ਉੱਲਾ ਸ਼ੰਘਾਈ ਵਿੱਚ ਮਥਰਾ ਸਿੰਘ ਤੇ ਹਾਂਗਕਾਂਗ ਵਿੱਚ ਭਗਵਾਨ ਸਿੰਘ ਹੁਰਾਂ ਨੇ ਗ਼ਦਰ ਪਾਰਟੀ ਦੀ ਉਸਾਰੀ ਕੀਤੀ ਸੀ। ਮੁੜ ਰਹੇ ਅਜ਼ਾਦੀ ਦੇ ਸੰਗਰਾਮੀਆਂ ਨੇ ਹਰ ਥਾਂ ਚੀਨ ਤੇ ਜਾਪਾਨ ਦੀਆਂ ਹਿੰਦੁਸਾਤਨੀ ਬਸਤੀਆਂ ਅਤੇ ਹਾਂਗਕਾਂਗ ਤੇ ਸਿੰਘਾਪੁਰ ਦੇ ਫੌਜੀਆਂ ਵਿੱਚ ਹਥਿਆਰਬੰਦ ਕੌਮੀ ਬਗ਼ਾਵਤ ਦਾ ਪ੍ਰਚਾਰ ਕੀਤਾ ਤੇ ਨਵੇਂ ਸਾਥੀ ਨਾਲ਼ ਲਏ। ਇਨ੍ਹਾਂ ਵਿੱਚ ਸ਼ੰਘਾਈ ਤੋਂ ਰਲ਼ੇ ਗੁਜਰ ਸਿੰਘ ਤੇ ਸੁੱਚਾ ਸਿੰਘ ਸ਼ਾਮਿਲ ਸਨ।

ਦੂਰੋਂ ਹੀ ਉਨ੍ਹਾਂ ਨੇ ਧੁੰਧਾਂ ਨਾਲ਼ ਢੱਕੀ ਤਸ਼ੱਦਦ ਦੀ ਜੀਊਂਦੀ ਜਾਗਦੀ ਸਾਮਰਾਜੀ ਯਾਦਗਾਰ, ਅੰਡੇਮਾਨ ਨੂੰ ਤੱਕਿਆ। ਇਹਦੀਆਂ ਸੈਂਕੜੇ ਕਬਰਾਂ ਵਰਗੀਆਂ ਕਾਲ਼-ਕੋਠੜੀਆਂ ਵਿੱਚ ਹੱਥਕੜੀਆਂ ਬੇੜੀਆਂ ਵਿੱਚ ਜਕੜੇ ਇਨਕਲਾਬੀ ਵੀਰਾਂ ਦੀ ਧੁੰਧਲੀ ਜਿਹੀ ਤਸਵੀਰ ਉਨ੍ਹਾਂ ਦੇ ਦਿਮਾਗਾਂ ਵਿੱਚ ਆਈ, ਉਨ੍ਹਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਡਲ੍ਹਕ ਪਏ। ਆਪਣੇ ਇਰਾਦੇ ਦ੍ਰਿੜ੍ਹ ਕਰਕੇ ਉਨ੍ਹਾਂ ਮੁੜ ਸਹੁੰਆਂ ਖਾਦੀਆਂ, "ਅਸੀਂ ਮੁੜ ਰਹੇ ਹਾਂ ਭਾਰਤ ਮਾਂ... ...ਸਦਾ ਲਈ ਤੇਰੀਆਂ ਜੰਜ਼ੀਰਾਂ ਤੋੜ ਸੁੱਟਣ ਲਈ।" ਉਨ੍ਹਾਂ ਦੇ ਉਤਸ਼ਾਹ ਦਾ ਕੋਈ ਅੰਤ ਨਹੀਂ ਸੀ ਤੇ ਕਿਹਨੂੰ ਖਿਆਲ ਹੋ ਸਕਦਾ ਸੀ ਕਿ ਇੱਕ ਸਾਲ ਦੇ ਅੰਦਰ ਅੰਦਰ ਉਨ੍ਹਾਂ 'ਚੋਂ ਕਈ ਇਨ੍ਹਾਂ ਕਾਲ਼-ਕੋਠੜੀਆਂ ਵਿੱਚ ਹੀ ਡੱਕੇ ਹੋਣਗੇ।

## ਗੋਲ਼ੀਆਂ ਨਾਲ਼ ਸਵਾਗਤ

ਹਿੰਦੁਸਤਾਨ ਦੀ ਹਕੂਮਤ ਨੂੰ ਇਸ ਇਨਕਲਾਬੀ ਦੇਸ਼ ਯਾਤਰਾ ਦੀ ਪੂਰੀ ਖ਼ਬਰ ਮਿਲ ਚੁੱਕੀ ਸੀ। **ਰਾਮ ਚੰਦਰ ਵਰਗੇ ਉਨ੍ਹਾਂ ਦੇ ਸੂਹੀਏ** ਗ਼ਦਰ ਪਾਰਟੀ ਅੰਦਰ ਉੱਚੀਆਂ ਥਾਵਾਂ 'ਤੇ ਪਹੁੰਚ ਚੁੱਕੇ ਸਨ। ਪਾਰਟੀ ਨੇ ਖੁਦ ਵੀ ਆਪਣੀ ਐਜੀਟੇਸ਼ਨ ਤੇ ਆਪਣੇ ਆਦਰਸ਼ ਲੁਕਾ ਕੇ ਨਹੀਂ ਸਨ ਰੱਖੇ। ਨਾ ਹੀ ਆਪਣੇ ਅਤਿ ਦੇ ਜੋਸ਼ ਤੇ ਗੁੱਸੇ ਅਤੇ ਤਜਰਬੇ ਦੀ ਘਾਟ ਵਿੱਚ ਉਨ੍ਹਾਂ ਹਿੰਦੁਸਤਾਨ ਵਾਪਸ ਮੁੜਨ ਦਾ ਫੈਸਲਾ ਖੁਫੀਆ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਸਰਕਾਰ ਦੇ ਸੂਹੀਏ ਸਦਾ ਹੀ ਪਰਛਾਵੇਂ ਵਾਂਗ ਉਨ੍ਹਾਂ ਦੇ ਨਾਲ਼ ਰਹੇ। ਹਾਂਗਕਾਂਗ ਤੋਂ ਅੱਗੇ ਨਿਗਰਾਨੀ ਹੋਰ ਵੀ ਤੇਜ਼ ਹੋ ਗਈ। ਕਲਕੱਤੇ ਦੀ ਬੰਦਰਗਾਹ ਉੱਤੇ ਸਰਕਾਰ ਉਨ੍ਹਾਂ ਨੂੰ ਹਥਿਆਰਬੰਦ ਪੁਲਿਸ ਤੇ ਫ਼ੌਜੀ ਪਹਿਰੇ ਹੇਠ ਸਪੈਸ਼ਲ ਗੱਡੀਆਂ ਵਿੱਚ ਜੀ ਆਇਆਂ ਆਖਣ ਲਈ ਤਿਆਰ ਸੀ। ਇਨ੍ਹਾਂ ਨੂੰ ਮੁਫ਼ਤ, ਬਿਨਾਂ ਟਿਕਟੋਂ ਘਰੋਂ ਘਰੀਂ ਜਾਂ ਜੇਲ੍ਹ ਪਹੁੰਚਾਏ ਜਾਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ।

ਕਾਮਾਗਾਟਾਮਾਰੂ ਸਭ ਤੋਂ ਪਹਿਲੇ, 27 ਸਤੰਬਰ ਦੀ ਸਵੇਰ ਨੂੰ ਹੁਗਲੀ ਪਹੁੰਚਿਆ ਤੇ 29 ਸਤੰਬਰ ਨੂੰ ਉਹਨੂੰ ਬਜਬਜ ਦੇ ਘਾਟ 'ਤੇ ਲਿਆ ਖੜ੍ਹਾ ਕੀਤਾ ਗਿਆ। ਉਹਦੇ ਮੁਸਾਫਿਰਾਂ ਨੂੰ ਹਾਂਗਕਾਂਗ ਤੇ ਸਿੰਘਾਪੁਰ ਵਿੱਚ ਉਤਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ। ਹੁਣ ਉਨ੍ਹਾਂ ਸਪੈਸ਼ਲ ਟ੍ਰੇਨਾਂ ਵਿੱਚ, ਚੜ੍ਹਨ ਤੋਂ ਇਨਕਾਰ ਕਰ ਦਿੱਤਾ। ਉਹ ਸਿੱਧਾ ਕਲਕੱਤੇ ਸ਼ਹਿਰ ਵਿੱਚ ਜਾ ਕੇ ਆਪਣੇ ਦੇਸ਼ ਵਾਸੀਆਂ ਨੂੰ ਆਪਣੇ ਨਾਲ਼ ਬੀਤੇ ਜ਼ੁਲਮ ਦੀ ਕਹਾਣੀ ਸੁਣਾਉਣਾ

ਚਾਹੁੰਦੇ ਸਨ। ਪੁਲਿਸ ਨਾਲ਼ ਟੱਕਰ ਹੋ ਗਈ। ਦੋਹੀਂ ਪਾਸੀਂ ਗੋਲ਼ੀ ਚੱਲੀ। 18 ਇਨਕਲਾਬੀ ਥਾਂ 'ਤੇ ਹੀ ਸ਼ਹੀਦ ਹੋ ਗਏ। ਉਸ ਦਿਨ ਕੇਵਲ 60 ਬੰਦੀ ਹੀ ਸਪੈਸ਼ਲ ਟ੍ਰੇਨ ਵਿੱਚ ਚੜ੍ਹਾਏ ਜਾ ਸਕੇ। ਬਾਕੀਆਂ 'ਚੋਂ ਬਹੁਤ ਸਾਰੇ ਕੁੱਝ ਦਿਨਾਂ ਵਿੱਚ ਹੀ ਗ੍ਰਿਫ਼ਤਾਰ ਕਰ ਲਏ ਗਏ ਤੇ 31 ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਗੁਰਦਿੱਤ ਸਿੰਘ ਸਮੇਤ ਕੇਵਲ 30 ਕੁ ਹੀ ਲੁੱਕ ਛਿਪ ਕੇ ਭੱਜ ਨਿਕਲਣ ਵਿੱਚ ਕਾਮਯਾਬ ਹੋਏ। ਬਜਬਜ ਦੇ ਘਾਟ ਦੇ ਸ਼ਹੀਦ ਅੱਜ ਤੱਕ ਪੰਜਾਬ ਦੇ ਦੇਸ਼ ਭਗਤਕ ਗੀਤਾਂ ਵਿੱਚ ਗਾਏ ਜਾਂਦੇ ਹਨ।

ਪ੍ਰਦੇਸਾਂ ਤੋਂ ਮੁੜ ਰਹੇ ਹੋਰ ਹਿੰਦੁਸਤਾਨੀਆਂ ਦੇ ਜਹਾਜ਼ ਸ਼ੰਘਾਈ, ਹਾਂਗਕਾਂਗ, ਪੀਨਾਂਗ, ਤੇ ਰੰਗੂਨ ਆਦਿ ਦੀਆਂ ਬੰਦਰਗਾਹਾਂ ਵਿੱਚ ਰੁਕੇ ਹੋਏ ਸਨ ਜਦ ਉਨ੍ਹਾਂ ਨੂੰ ਇਸ ਗੋਲ਼ੀਆਂ ਨਾਲ਼ ਹੋਏ ਸਵਾਗਤ ਦੀ ਖ਼ਬਰ ਮਿਲੀ। ਇਹ ਬਲ਼ਦੀ ਉੱਤੇ ਤੇਲ ਪਾਉਣ ਵਾਲ਼ੀ ਗੱਲ ਸੀ। ਉਹ ਗੁੱਸੇ ਨਾਲ਼ ਹੋਰ ਵੀ ਭੜਕ ਉੱਠੇ – ਪਰ ਪਹਿਲੀ ਵਾਰ ਉਹ ਕੁੱਝ ਚੌਕੰਨੇ ਵੀ ਹੋ ਗਏ। ਚੀਨੀ ਇਨਕਲਾਬ ਪਸੰਦਾਂ ਨੇ ਵੀ ਉਨ੍ਹਾਂ ਨੂੰ ਕੁੱਝ ਵਧੇਰੇ ਖ਼ਬਰਦਾਰੀ ਨਾਲ਼ ਹਿੰਦੁਸਤਾਨ ਮੁੜਣ ਦੀ ਸਲਾਹ ਦਿੱਤੀ ਸੀ। ਬਹੁਤ ਸਾਰੇ ਹਥਿਆਰ ਜੋ ਉਨ੍ਹਾਂ ਨੂੰ ਆਪਣੀ ਜਿੰਦ ਨਾਲੋਂ ਪਿਆਰੇ ਸਨ, ਅੱਥਰੂ ਭਰੀਆਂ ਅੱਖਾਂ ਨਾਲ਼, ਸਮੁੰਦਰ ਦੀਆਂ ਡੂੰਘਾਨਾਂ ਦੇ ਹਵਾਲੇ ਕਰਨੇ ਪਏ। ਕਈ ਬਰਮਾ ਦੇ ਰਾਹ ਹਿੰਦੁਸਤਾਨ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਹੋ ਗਏ। ਹੋਰਨਾਂ ਨੇ ਛੋਟੇ ਛੋਟੇ ਜੱਥਿਆਂ ਵਿੱਚ ਖਿੰਡ ਕੇ ਹਕੂਮਤ ਦੀ ਅੱਖ ਬਚਾਉਣ ਦੀ ਕੋਸ਼ਿਸ਼ ਕੀਤੀ।

ਪਰ ਇਹ ਬਚਾਆਂ ਦੀਆਂ ਤਰਕੀਬਾਂ ਬੜੀ ਦੇਰ ਨਾਲ਼ ਕੀਤੀਆਂ ਗਈਆਂ ਸਨ ਤੇ ਹੁਣ ਵੀ ਬੜੇ ਥੋੜ੍ਹਿਆਂ ਨੇ ਇਨ੍ਹਾਂ ਨੂੰ ਅਪਣਾਇਆ ਸੀ। ਹਜ਼ਾਰਾਂ ਵਾਪਸ ਮੁੜ ਰਹੇ ਸਨ ਤੇ ਪੁਲਿਸ ਖ਼ੂਬ ਚੌਕੰਨੀ ਸੀ। ਸੋਹਨ ਸਿੰਘ ਭਕਨਾ ਜਹਾਜ਼ੋਂ ਉੱਤਰਦੇ ਹੀ ਆਪਣੇ 100 ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਤੋਸ਼ਾ ਮਾਰੂ ਜਹਾਜ਼ ਦੇ 173 ਮੁਸਾਫਿਰਾਂ ਵਿੱਚ ਗ਼ਦਰ ਪਾਰਟੀ ਦੇ ਬਹੁਤ ਸਾਰੇ ਮੋਢੀ ਆਗੂ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਨੂੰ ਹਿੰਦੁਸਤਾਨ ਪਹੁੰਚਦੇ ਹੀ ਗ੍ਰਿਫਤਾਰ ਕਰ ਲਿਆ – ਤੇ ਪਿੱਛੋਂ ਕੇਵਲ 73 ਨੂੰ ਹੀ ਰਿਹਾ ਕੀਤਾ ਗਿਆ। ਬਾਕੀਆਂ ਨੂੰ ਮੁਲਤਾਨ ਤੇ ਮਿੰਟਗੁਮਰੀ ਦੀਆਂ ਸੈਂਟਰਲ ਜੇਲ੍ਹਾਂ ਵਿੱਚ ਕੈਦ ਕਰ ਦਿੱਤਾ ਗਿਆ।

ਇਨ੍ਹਾਂ ਦਿਨਾਂ ਵਿੱਚ ਕਲਕੱਤੇ ਤੇ ਲੁਧਿਆਣੇ ਵਿੱਚ ਪੁਲਿਸ ਦੇ ਹੱਥਾਂ 'ਚੋਂ ਲੰਘੇ 3125 ਪ੍ਰਦੇਸੋਂ ਮੁੜੇ ਪੰਜਾਬੀਆਂ 'ਚੋਂ ਕੋਈ 1000 ਕੁ ਜੇਲ੍ਹਾਂ ਜਾਂ ਪਿੰਡਾਂ ਵਿੱਚ ਬੰਦ ਕਰ ਦਿੱਤੇ ਗਏ। ਪਰ ਜਥੇ ਅਜੇ ਵੀ ਟੁਰੇ ਆ ਰਹੇ ਸਨ – ਗ਼ਦਰ ਪਾਰਟੀ ਦੀ ਮੈਂਬਰਸ਼ਿਪ ਇਸ ਵੇਲ਼ੇ 12000 ਤੋਂ ਉੱਤੇ ਜਾ ਚੁੱਕੀ ਸੀ। ਲੜਾਈ ਦੇ ਪਹਿਲੇ ਦੋ ਸਾਲਾਂ ਵਿੱਚ ਲਗਭਗ 8000 ਹਿੰਦੁਸਤਾਨੀ ਮੁੜੇ ਸਨ, ਇਨ੍ਹਾਂ 'ਚੋਂ ਕੋਈ 400 ਨੂੰ ਜੇਲ੍ਹੀਂ ਡੱਕ ਦਿੱਤਾ ਗਿਆ ਤੇ ਹੋਰ 2500 ਤੋਂ ਵੱਧ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤੇ ਗਏ।

ਹਕੂਮਤ ਨੇ ਸਤੰਬਰ ਵਿੱਚ ਹੀ ਇੱਕ ਆਰਡੀਨੈਂਸ ਰਾਹੀਂ ਇਨ੍ਹਾਂ ਮੁੜ ਰਹੇ ਹਿੰਦੁਸਤਾਨੀਆਂ ਦੇ ਦਾਖਲੇ ਤੇ ਟੁਰਨ ਫਿਰਨ 'ਤੇ ਕਾਬੂ ਰੱਖਣ ਲਈ ਉਚੇਚੇ ਅਧਿਕਾਰ

ਹਾਸਲ ਕਰ ਲਏ ਸਨ ਤੇ ਇਹ ਅਧਿਕਾਰ ਪੂਰੀ ਤਰ੍ਹਾਂ ਵਰਤੇ ਗਏ। ਇਨਕਲਾਬੀਆਂ ਦੀ ਜਹਾਜ਼ਾਂ ਉੱਤੇ ਬਣਾਈ ਇਨਕਲਾਬੀ ਜਥੇਬੰਦੀ, ਕੰਮ ਦੇ ਹਲਕਿਆਂ ਤੇ ਲੀਡਰਾਂ ਦੀ ਵੰਡ ਆਦਿ ਦੀਆਂ ਸਕੀਮਾਂ, ਅਮਲ ਵਿੱਚ ਆਉਣ ਤੋਂ ਪਹਿਲਾਂ ਹੀ ਤੋੜ ਦਿੱਤੀਆਂ ਗਈਆਂ।

ਪੰਜਾਬ ਦਾ ਜਾਬਰ ਗਵਰਨਰ, ਸਰ ਮਾਈਕਲ ਓਡਵਾਇਰ ਮੁਲਤਾਨ ਜੇਲ੍ਹ ਵਿੱਚ ਬੰਦ ਤੋਸ਼ਾਮਾਰੂ ਜਹਾਜ਼ ਦੇ ਕੈਦੀਆਂ ਨੂੰ ਵੇਖਣ ਆਇਆ, ਸੌ ਦੇ ਲਗਭਗ ਕੈਦੀ ਇੱਕ ਕਤਾਰ ਵਿੱਚ ਖੜ੍ਹੇ ਸਨ। ਓਡਵਾਇਰ ਨੇ ਬੜੀ ਹੈਂਕੜ ਨਾਲ਼ ਇਨ੍ਹਾਂ ਜੰਜ਼ੀਰਾਂ ਵਿੱਚ ਜਕੜੇ ਬਹਾਦਰਾਂ ਨੂੰ ਤਾਅਨਾ ਮਾਰਿਆ, "ਸੋ ਤੁਸੀਂ ਕਹਿੰਦੇ ਹੋ ਪੰਜਾਬ ਹੀ ਤੁਹਾਡਾ ਹੈ ?" ਜਵਾਬ ਮਿਲਣ ਵਿੱਚ ਇੱਕ ਪਲ ਵੀ ਨਾ ਲੱਗਿਆ, "ਹਾਂ, ਪੰਜਾਬ ਨਹੀਂ, ਸਾਰਾ ਹਿੰਦੁਸਤਾਨ ਸਾਡਾ ਹੈ – ਤੇ ਅਸੀਂ ਇੱਕ ਦਿਨ ਇਸ ਉੱਤੇ ਰਾਜ ਕਰਾਂਗੇ।" ਜਦੋਂ ਅੰਗਰੇਜ਼ ਵੱਲ ਉਂਗਲੀ ਚੁੱਕ ਕੇ ਵੇਖਣਾ ਜੁਰਮ ਸੀ, ਓਡਵਾਇਰ ਇਹ ਜਵਾਬ ਸੁਣ ਕੇ ਦੰਗ ਰਹਿ ਗਿਆ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦਸ ਸਾਲਾਂ ਮਗਰੋਂ ਵੀ ਉਹ ਆਪਣੀ ਕਿਤਾਬ, "ਹਿੰਦੁਸਤਾਨ ਜਿਵੇਂ ਮੈਂ ਇਹਨੂੰ ਜਾਣਿਆ", ਵਿੱਚ ਲਿਖਦਾ ਹੈ, "ਜੇ ਕਿਤੇ ਇਹ ਸਾਰੀ ਜੁੰਡੀ ਬਾਹਰ ਰਹਿ ਜਾਂਦੀ, ਤਾਂ ਸੂਬੇ ਦਾ, ਕੀ ਹਾਲ ਹੁੰਦਾ... ਇਹ ਖਿਆਲ ਕਰਕੇ, ਅੱਜ ਵੀ ਕੰਬਣੀ ਛਿੜ ਜਾਂਦੀ ਹੈ।"

## ਹਥਿਆਰਬੰਦ ਬਗ਼ਾਵਤ ਦੀ ਤਿਆਰੀ

ਉੱਤੇ ਦੱਸੀਆਂ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਪਿੱਛੋਂ ਹਕੂਮਤ ਨੇ ਸਮਝਿਆ ਕਿ ਉਨ੍ਹਾਂ ਗ਼ਦਰ ਪਾਰਟੀ ਮੁਕਾ ਦਿੱਤੀ ਸੀ। ਪਰ ਉਨ੍ਹਾਂ ਨੂੰ ਜਲਦੀ ਪਤਾ ਲੱਗ ਗਿਆ ਕਿ ਇਹ ਲੜਾਈ ਦੇ ਪਹਿਲੇ ਕੁੱਝ ਮਹੀਨਿਆਂ ਵਿੱਚ ਹੀ 6000 ਤੋਂ ਵੱਧ ਹਿੰਦੁਸਤਾਨੀ ਪ੍ਰਦੇਸਾਂ ਤੋਂ ਮੁੜੇ ਸਨ ਤੇ ਪੁਲਿਸ ਇਨ੍ਹਾਂ ਵਿੱਚੋਂ ਅੱਧਿਆਂ ਦੀ ਉਕਾ ਹੀ ਕੋਈ ਨਿਗਰਾਨੀ ਨਹੀਂ ਸੀ ਕਰ ਸਕੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਅਮਨ ਨਾਲ਼ ਘਰੋਂ ਘਰੀਂ ਬਹਿ ਗਏ ਸਨ, ਪਰ ਬਾਕੀ ਦੇ ਅਜ਼ਾਦੀ ਤੇ ਬਗ਼ਾਵਤ ਦਾ ਸੁਨੇਹਾ ਆਪਣੇ ਲੋਕਾਂ ਪਾਸ ਲੈ ਜਾ ਰਹੇ ਸਨ। ਕਰਤਾਰ ਸਿੰਘ ਸਰਾਭਾ, ਪਿੰਗਲੇ, ਕਾਂਸ਼ੀ ਰਾਮ, ਜਗਤ ਸਿੰਘ ਤੇ ਹੋਰ ਕਈ ਤਾਂ ਇੱਕ ਵਾਰ ਵੀ ਪੁਲਿਸ ਦੇ ਹੱਥਾਂ ਵਿੱਚ ਨਹੀਂ ਸਨ ਆਏ। ਪੰਡਤ ਜਗਤ ਰਾਮ ਕਲਕੱਤੇ ਵਿੱਚ ਪੁਲਿਸ ਦੀ ਨਿਗਰਾਨੀ ਹੇਠੋਂ ਪਤਰਾ ਵਾਚ ਗਏ ਸਨ। ਪ੍ਰਿਥਵੀ ਸਿੰਘ ਹੁਰੀਂ ਰਾਵਲਪਿੰਡੀ ਸਟੇਸ਼ਨ ਤੋਂ ਸੌਖੇ ਹੀ, ਹਥਿਆਰਬੰਦ ਪਹਿਰੇ ਹੇਠੋਂ ਖਿਸਕ ਗਏ ਸਨ। ਗੁਰਮੁੱਖ ਸਿੰਘ ਵਾਂਗ ਕਈ ਨਜ਼ਰਬੰਦੀ ਦੇ ਬਾਵਜੂਦ ਬਗ਼ਾਵਤੀ ਜੱਦੋ ਜਹਿਦ ਵਿੱਚ ਹਿੱਸਾ ਲੈ ਰਹੇ ਸਨ। ਇਨਕਲਾਬੀਆਂ ਦੀਆਂ ਮੁੱਢਲੀਆਂ ਤੇ ਅਸਲ ਤਦਬੀਰਾਂ ਵਿੱਚ ਵਿਘਨ ਪੈ ਚੁੱਕਾ ਸੀ। ਫੜੋ ਫੜੀ ਨੇ ਇਨਕਲਾਬੀ ਸਫ਼ਾਂ ਵਿੱਚ ਤ੍ਰੇੜਾਂ ਪਾ ਦਿੱਤੀਆਂ ਸਨ। ਪਰ ਇਨ੍ਹਾਂ ਬਹਾਦਰਾਂ ਨੇ ਕਦੇ ਵੀ ਹੌਸਲਾ ਨਾ ਛੱਡਿਆ। ਜਲਦੀ ਹੀ ਮੁੜ ਸਬੰਧ ਪੈਦਾ ਕਰਕੇ ਕੰਮ ਸ਼ੁਰੂ ਕਰ ਦਿੱਤਾ।

ਗ਼ਦਰ ਇਨਕਲਾਬੀ ਸਮਝਦੇ ਸਨ ਕਿ ਬਰਤਾਨੀ ਰਾਜ ਨੂੰ ਉਲਟਾਉਣ ਦਾ ਕੇਵਲ

ਇੱਕੋ ਰਾਹ ਹਿੰਦੁਸਤਾਨੀ ਫੌਜਾਂ ਦੀ ਬਗ਼ਾਵਤ ਸੀ ਤੇ ਕੋਈ ਵਜ੍ਹਾ ਨਹੀਂ ਸੀ ਕਿ ਉਨ੍ਹਾਂ ਨੂੰ ਕਾਮਯਾਬੀ ਨਾ ਮਿਲ਼ੇ ? ਆਖ਼ਰ ਫੌਜੀਆਂ ਦੀ ਬਹੁ ਗਿਣਤੀ ਵੀ ਤਾਂ ਉਨ੍ਹਾਂ ਵਰਗੇ ਸਾਧਾਰਨ ਕਿਸਾਨ ਹੀ ਸਨ। ਉਨ੍ਹਾਂ ਦੇ ਪਿਓ, ਭਰਾ ਤੇ ਰਿਸ਼ਤੇਦਾਰ ਫੌਜ ਵਿੱਚ ਸ਼ਾਮਿਲ ਸਨ। ਲੋੜ ਕੇਵਲ ਇਸ ਗੱਲ ਦੀ ਸੀ ਕਿ ਇੱਕ ਵਾਰ ਉਨ੍ਹਾਂ ਨੂੰ ਗੁਲਾਮੀ ਦੀ ਜ਼ਿਲਤ ਦਾ ਅਹਿਸਾਸ ਕਰਵਾਇਆ ਜਾਵੇ।

ਫੌਜ ਵਿੱਚ ਅੱਗੇ ਹੀ ਅੰਗਰੇਜ਼ਾਂ ਵਿਰੋਧੀ ਜਜ਼ਬਾ ਤੇ ਬੈਚੇਨੀ ਬਹੁਤ ਸੀ। ਹਿੰਦੁਸਤਾਨੀ ਫੌਜੀ ਮੈਸੋਪੋਟਾਮੀਆਂ, ਫਰਾਂਸ ਤੇ ਹੋਰ ਅਣਡਿੱਠੇ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਹਕੂਮਤ ਦੇ ਇਸ਼ਾਰੇ ਤੇ ਆਪਣੀਆਂ ਜਿੰਦਾਂ ਰੋਲਣ ਦੇ ਖਿਆਲ ਨੂੰ ਦਿਲੋਂ ਨਫ਼ਰਤ ਕਰਦੇ ਸਨ। ਗ਼ਦਰ ਇਨਕਲਾਬੀਆਂ ਦੀ ਦਲੀਲ ਸੀ ਕਿ ਜੇ ਇਸ ਵੇਲ਼ੇ ਦ੍ਰਿੜ੍ਹ ਇਰਾਦੇ ਵਾਲੇ ਇਨਕਲਾਬੀਆਂ ਦੀ ਇੱਕ ਨਿਡਰ ਟੋਲੀ ਬਗ਼ਾਵਤ ਦਾ ਝੰਡਾ ਚੁੱਕੇ ਤਾਂ ਹਜ਼ਾਰਾਂ ਇਸ ਦੇ ਹੇਠਾਂ ਆ ਖੜ੍ਹੇ ਹੋਣਗੇ।

ਉਨ੍ਹਾਂ ਥੋੜ੍ਹੇ ਚਿਰ ਵਿੱਚ ਹੀ ਸੁਰਿੰਦਰ ਨਾਥ ਸਾਨਯਾਲ, ਪਿੰਗਲੇ ਤੇ ਰਾਸ ਬਿਹਾਰੀ ਬੋਸ ਰਾਹੀਂ ਬੰਗਾਲ ਤੇ ਯੂ. ਪੀ. ਦੇ ਪੁਰਾਣੇ ਇਨਕਲਾਬੀ ਕੇਂਦਰਾਂ ਨਾਲ ਸਬੰਧ ਪੈਦਾ ਕਰ ਲਏ। ਇਨ੍ਹਾਂ ਗੁਪਤ ਇਨਕਲਾਬੀ ਧੜਿਆਂ ਨੂੰ ਸਾਜਸ਼ੀ ਕੰਮਾਂ ਦਾ ਬਹੁਤ ਜ਼ਿਆਦਾ ਤਜਰਬਾ ਸੀ – ਪਰ ਉਹ ਅਜੇ ਤੱਕ ਕਾਲਜਾਂ ਦੇ ਵਿਦਿਆਰਥੀਆਂ ਤੇ ਦਰਮਿਆਨੇ ਤਬਕੇ ਦੇ ਨੌਜਵਾਨਾਂ ਤੋਂ ਪਰੇ ਨਹੀਂ ਸਨ ਗਏ। ਗ਼ਦਰ ਪਾਰਟੀ ਦੇ ਇਨਕਲਾਬੀ ਪਹਿਲੀ ਵਾਰ ਕਿਸਾਨਾਂ ਤੇ ਫੌਜੀਆਂ ਤੱਕ ਇਨਕਲਾਬੀ ਆਦਰਸ਼ ਪਹੁੰਚਾ ਰਹੇ ਸਨ।

ਉਨ੍ਹਾਂ ਜਲਦੀ ਹੀ ਪੈਰ ਜਮਾ ਲਏ। 5 ਮੈਂਬਰਾਂ ਤੇ ਨਿਰਭਰ ਗੁਰੀਲਾ ਟੋਲੇ ਜਥੇਬੰਦ ਕੀਤੇ ਗਏ। ਉਨ੍ਹਾਂ ਦਾ ਜੁਗ ਪਲਟਾਊ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਮਾਰ ਕਰ ਰਿਹਾ ਸੀ। ਛੋਟੇ ਗੁਰਦੁਆਰੇ ਇਨਕਲਾਬੀ ਸਰਗਰਮੀਆਂ ਦੇ ਕੇਂਦਰ ਬਣ ਗਏ। ਲੁਧਿਆਣੇ ਦੇ ਕੁੱਝ ਵਿਦਿਆਰਥੀ ਉਨ੍ਹਾਂ ਦੇ ਨਾਲ਼ ਆ ਰਲ਼ੇ। ਕਈ ਪਿੰਡਾਂ ਵਿੱਚ ਕਿਸਾਨਾਂ ਨੇ ਆਪਣੇ ਇਨਕਲਾਬੀ ਪੁੱਤਰਾਂ ਨੂੰ ਠਾਹਰ ਦੇਣ ਲਈ ਗਜ ਵੱਜ ਕੇ ਪੁਲਸੀ ਹੁਕਮਾਂ ਦੀ ਮੁਖ਼ਾਲਫ਼ਤ ਕੀਤੀ।

ਸਭ ਤੋਂ ਜ਼ਰੂਰੀ ਕੰਮ ਫੌਜਾਂ ਵਿੱਚ ਬਗ਼ਾਵਤ ਦਾ ਪ੍ਰਚਾਰ ਕਰਨਾ ਸੀ। ਰੇਵਨਸ਼ਾ ਕਾਲਜ ਉੜੀਸਾ ਦਾ ਪੁਰਾਣਾ ਵਿਦਿਆਰਥੀ ਤੇ ਅਮਰੀਕਾ ਹਵਾਈ ਜਹਾਜ਼ ਦਾ ਕੰਮ ਸਿੱਖਣ ਗਿਆ 19 ਸਾਲ ਦਾ ਕਰਤਾਰ ਸਿੰਘ ਸਰਾਭਾ, ਇੱਕ ਆਦਰਸ਼ਕ ਇਨਕਲਾਬੀ ਜਥੇਬੰਦਕ ਸਾਬਤ ਹੋਇਆ। ਉਹਦੇ ਪਿੰਡ ਵਾਲ਼ਿਆਂ ਨੂੰ ਉਸ ਉੱਤੇ ਮਾਣ ਸੀ। ਇੱਕ ਵਾਰ ਪੁਲਿਸ ਨੇ ਉਹਦੇ ਪਿੰਡ ਨੂੰ ਘੇਰ ਲਿਆ। ਪਰ ਇੱਕ ਕਿਸਾਨ ਵੀ ਇਸ ਨੌਜਵਾਨ ਇਨਕਲਾਬੀ ਵੱਲ ਇਸ਼ਾਰਾ ਕਰਨ ਨੂੰ ਤਿਆਰ ਨਹੀਂ ਸੀ ਤੇ ਪੁਲਿਸ ਨੂੰ ਖਾਲੀ ਹੱਥ ਵਾਪਸ ਮੁੜਨਾ ਪਿਆ। ਹਰ ਵੇਲ਼ੇ ਸਾਈਕਲ ’ਤੇ ਸਵਾਰ ਉਹ ਦਿਨਾਂ ਵਿੱਚ ਹੀ ਸੈਂਕੜੇ ਮੀਲਾਂ ਦਾ ਸਫ਼ਰ ਕਰ ਜਾਂਦਾ ਸੀ ਤੇ ਜਿਧਰ ਦੀ ਉਹ ਲੰਘ ਜਾਂਦਾ ਬਗ਼ਾਵਤ ਦੀਆਂ ਲਾਟਾਂ ਬਲ਼ ਉੱਠਦੀਆਂ ਸਨ। ਬਨੂੰ ਤੋਂ ਲੈ ਕੇ ਬਨਾਰਸ ਤੱਕ ਇੱਕ ਵੀ ਛਾਉਣੀ ਨਹੀਂ ਸੀ, ਜਿੱਥੇ ਜਾ ਕੇ ਉਹਨੇ ਆਮ

ਇਨਕਲਾਬੀ ਕੇਂਦਰ ਕਾਇਮ ਨਾ ਕੀਤੇ ਹੋਣ। ਉਹ ਕਮਾਲ ਦੀ ਬੁੱਧੀ ਦਾ ਮਾਲਕ ਸੀ ਤੇ ਔਖੀ ਤੋਂ ਔਖੀ ਘੜੀ ਵਿੱਚ ਵੀ ਆਪਣੇ ਹੋਸ਼ ਹਵਾਸ਼ ਕਾਇਮ ਰੱਖਦਾ ਸੀ। ਅਫਸਰਾਂ ਦੀ ਵਰਦੀ ਪਾਈ ਉਹ ਨਿਧੜਕ ਬਾਰਕਾਂ ਵਿੱਚ ਜਾ ਵੜਦਾ ਤੇ ਸਲੂਟ ਲੈ ਲੈਂਦਾ। ਪਹਿਰੇਦਾਰਾਂ ਨੂੰ ਜ਼ਰਾ ਜਿੰਨਾ ਸ਼ੱਕ ਵੀ ਨਾ ਗੁਜ਼ਰਦਾ। "ਜੇ ਤੁਸੀਂ ਮਰਨਾ ਹੀ ਹੈ ਤਾਂ ਕਿਉਂ ਨਾ ਇਨਕਲਾਬ ਦੇ ਝੰਡੇ ਹੇਠਾਂ ਆਪਣੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜ਼ਿੰਦਗੀਆਂ ਵਾਰੋ।" ਉਹ ਅੱਗੇ ਹੀ ਸਤੇ ਹੋਏ ਫੌਜੀਆਂ ਨੂੰ ਪ੍ਰੇਰਦਾ ਜਿਨ੍ਹਾਂ ਨੂੰ ਸਦਾ ਬਦਲੀ ਤੇ ਪ੍ਰਦੇਸੀਂ ਭੇਜੇ ਜਾਣ ਦਾ ਧੜਕਾ ਲੱਗਾ ਰਹਿੰਦਾ ਸੀ। ਸਭ ਤੋਂ ਪਹਿਲਾਂ ਫਿਰੋਜ਼ਪੁਰ, ਰਾਵਲਪਿੰਡੀ ਤੇ ਲਾਹੌਰ ਦੀਆਂ ਹਿੰਦੁਸਤਾਨੀ ਛਾਉਣੀਆਂ ਨੇ ਅੱਗੇ ਹੋ ਕੇ ਬਗ਼ਾਵਤ ਦਾ ਭਰੋਸਾ ਦਿਵਾਇਆ। ਮੇਰਠ, ਲਖਨਊ, ਫੈਜ਼ਾਬਾਦ, ਕਾਨ੍ਹਪੁਰ ਤੇ ਅਲਾਹਬਾਦ ਦੇ ਫੌਜੀਆਂ ਵਿੱਚ ਵੀ ਚੰਗਿਆੜੀ ਲਾਈ ਗਈ ਤੇ ਲਾਟਾਂ ਜਬਲਪੁਰ ਤੇ ਢਾਕੇ ਤੱਕ ਜਾ ਪਹੁੰਚੀਆਂ। ਦੂਰ ਬਰਮਾ ਤੇ ਮਲਾਇਆ ਵਿੱਚ 16 ਦੱਫਰਨ ਸਟਰੀਟ ਰੰਗੂਨ ਨੂੰ ਕੇਂਦਰ ਬਣਾ ਕੇ ਗ਼ਦਰ ਬਗ਼ਾਵਤ ਦੀ ਤਿਆਰੀ ਹੋ ਰਹੀ ਸੀ।

ਸਮਾਂ ਬੜਾ ਮੁਨਾਸਬ ਜਾਪਦਾ ਸੀ। ਫੌਜਾਂ ਵਿੱਚ ਅੰਦਰੋਂ ਅੰਦਰ ਧੁੱਖ ਰਹੇ ਅੰਗਰੇਜ਼ ਵਿਰੋਧੀ ਜਜ਼ਬੇ ਦੇ ਨਾਲ਼ ਹੀ ਦੱਖਣੀ ਪੱਛਮੀ ਪੰਜਾਬ ਦੇ ਮੁਸਲਮਾਨ ਕਿਸਾਨਾਂ ਵਿੱਚ ਜ਼ਬਰਦਸਤ ਤੇ ਸਦਾ ਵੱਧ ਰਹੀ ਆਰਥਿਕ ਬੇਚੈਨੀ ਸੀ।

21 ਫਰਵਰੀ, 1915 ਨੂੰ ਬਗ਼ਾਵਤ ਦਾ ਦਿਨ ਮਿਥਿਆ ਗਿਆ।

ਪਰ ਦਸੰਬਰ ਵਿੱਚ ਹੀ ਪੰਜਾਬ ਹਕੂਮਤ ਲਈ ਆਪਣੇ ਹੀ ਪੁਰਾਣੇ ਕਾਨੂੰਨ ਰਾਹੀਂ ਰਾਜ ਕਰਨਾ ਔਖਾ ਹੋ ਰਿਹਾ ਸੀ। ਫੌਜੀ ਤੇ ਪੁਲਸੀ ਚੌਕੀਆਂ 'ਤੇ ਹਮਲੇ ਹੋ ਰਹੇ ਸਨ। ਸਾਰੇ ਸੂਬੇ ਵਿੱਚ ਬਗ਼ਾਵਤੀ ਲਹਿਰ ਦੀਆਂ ਗੋਲਕਾਂ ਭਰਨ ਲਈ ਸਰਕਾਰੀ ਖਜ਼ਾਨੇ, ਡਾਕ ਤੇ ਰੇਲਵੇ ਸਟੇਸ਼ਨ ਲੁੱਟੇ ਜਾ ਰਹੇ ਸਨ। ਗ੍ਰਿਫ਼ਤਾਰੀਆਂ ਹੋ ਰਹੀਆਂ ਸਨ, ਪਰ ਪੰਜਾਬ ਹਕੂਮਤ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਸੀ, ਉਹ ਹਕੂਮਤ ਹਿੰਦ ਪਾਸ ਉਚੇਚੇ ਅਧਿਕਾਰਾਂ ਦੇ ਇੱਕ ਹੋਰ ਆਰਡੀਨੈਂਸ ਲਈ ਅੱਡੀਆਂ ਰਗੜ ਰਹੀ ਸੀ। ਆਪਣੀ 15 ਦਸੰਬਰ 1914 ਦੀ ਚਿੱਠੀ ਵਿੱਚ ਉਹਨੇ ਕੇਂਦਰੀ ਹਕੂਮਤ ਨੂੰ ਲਿਖਿਆ, "ਇਸ ਵੇਲ਼ੇ ਇਨ੍ਹਾਂ ਇਨਕਲਾਬੀਆਂ... ਚੋਂ ਕਿਸੇ ਉੱਤੇ ਵੀ ਆਮ ਕਾਨੂੰਨ ਹੇਠ ਮੁਕੱਦਮਾ ਚਲਾਉਣਾ ਤੇ ਵਕੀਲਾਂ ਦੀਆਂ ਚਾਲਾਕ ਬਹਿਸਾਂ, ਫਰਦ ਜੁਰਮ ਲਾਉਣ ਤੇ ਅਪੀਲ ਕਰਨ ਦੀ ਕਾਰਵਾਈ ਰਾਹੀਂ ਲੰਮਿਆਂ ਹੋਣ ਦੀ ਇਜਾਜ਼ਤ ਦੇਣਾ ਬਹੁਤ ਮਾੜਾ ਹੋਵੇਗਾ।" ਇਹਦੇ ਨਾਲ਼ ਹੀ ਇਸੇ ਚਿੱਠੀ ਵਿੱਚ ਇਹ ਕਹਿਣਾ ਕਿ "ਲੋਕਾਂ ਦੀ ਵੱਡੀ ਬਹੁਗਿਣਤੀ ਹਕੂਮਤ ਨਾਲ਼ ਸੰਤੁਸ਼ਟ ਹੈ", ਇੱਕ ਬੜਾ ਧੋਖਾ ਤੇ ਹੌਲਾ ਦਾਅਵਾ ਸੀ।

21 ਫਰਵਰੀ ਉਲਾਂਘਾਂ ਭਰਦੀ ਆ ਰਹੀ ਸੀ - ਤਿਆਰੀਆਂ ਹੋਰ ਵੀ ਤੇਜ਼ ਹੋ ਗਈਆਂ। ਹੈੱਡ-ਕੁਆਰਟਰ ਅੰਮ੍ਰਿਤਸਰ ਤੋਂ ਲਾਹੌਰ ਆ ਗਿਆ ਤੇ ਬਗ਼ਾਵਤ ਦੀ ਜਥੇਬੰਦੀ ਦੂਰ ਦੂਰ ਤੱਕ ਫੈਲ਼ ਗਈ। ਅੰਮ੍ਰਿਤਸਰ ਵਿੱਚ ਇੱਕ ਨਵਾਂ ਪ੍ਰੈੱਸ ਤੇ ਲੋਹਾਦਬਾਦੀ ਤੇ ਝਬੇਵਾਲ ਵਿੱਚ ਨਵੀਆਂ ਬੰਬ ਫੈਕਟਰੀਆਂ ਕਾਇਮ ਕੀਤੀਆਂ ਗਈਆਂ। ਹਥਿਆਰ ਜਮ੍ਹਾਂ ਹੋਣੇ ਸ਼ੁਰੂ

ਹੋ ਗਏ। ਇਹਦੇ ਲਈ ਜਗਤ ਰਾਮ ਨੂੰ ਕਾਬਲ ਤੇ ਪਰਮਾਨੰਦ ਝਾਂਸੀ ਨੂੰ ਬੰਗਾਲ ਭੇਜਿਆ ਗਿਆ। ਇੱਕ ਨਵਾਂ ਚਹੁੰ ਰੰਗਾਂ ਵਾਲ਼ਾ ਕੌਮੀ ਝੰਡਾ ਤੈਅ ਹੋ ਚੁੱਕਾ ਸੀ। ਇਨਕਲਾਬੀ ਵਰਦੀਆਂ 'ਤੇ ਨਿਸ਼ਾਨ ਤਿਆਰ ਕਰ ਲਏ ਗਏ ਤੇ ਸਾਮਰਾਜੀ ਹਕੂਮਤ ਵਿਰੁੱਧ ਜੰਗ ਦਾ ਐਲਾਨ ਵੀ ਛੱਪ ਚੁੱਕਾ ਸੀ।

ਹਾਲਾਤ ਬਗ਼ਾਵਤ ਦੇ ਹੱਕ ਵਿੱਚ ਤਰੱਕੀ ਕਰ ਰਹੇ ਸਨ। ਅੰਗਰੇਜ਼ੀ ਫ਼ੌਜਾਂ ਦਾ ਵੱਡਾ ਹਿੱਸਾ ਫਰਾਂਸ ਦੇ ਮੈਦਾਨਾਂ ਵਿੱਚ ਸੀ ਤੇ ਦੇਸ਼ ਅੰਦਰ ਬੇਚੈਨ ਤੇ ਅੰਸਤੁਸ਼ਟ ਹਿੰਦੁਸਤਾਨੀ ਫ਼ੌਜੀਆਂ ਦੀ ਗਿਣਤੀ ਕਿਤੇ ਜ਼ਿਆਦਾ ਸੀ। ਲੜਾਈ ਆਪਣਾ ਅਸਰ ਵਿਖਾ ਰਹੀ ਸੀ, ਕੀਮਤਾਂ ਤੇਜ਼ੀ ਨਾਲ਼ ਚੜ੍ਹ ਰਹੀਆਂ ਸਨ, ਆਮ ਜਨਤਾ ਵਿੱਚ ਬੇਚੈਨੀ ਦੀ ਕੋਈ ਹੱਦ ਨਹੀਂ ਸੀ। ਅੰਗਰੇਜ਼ਾਂ ਦੀਆਂ ਹਾਰਾਂ ਨੇ ਹਕੂਮਤ ਦੇ ਵਕਾਰ ਨੂੰ ਤਕੜੀ ਸੱਟ ਮਾਰੀ ਸੀ, ਜਰਮਨ ਜਹਾਜ਼ 'ਐਗੈਡਨ', ਹਿੰਦੁਸਤਾਨ ਦੇ ਪਾਣੀਆਂ ਵਿੱਚ ਫਿਰ ਰਿਹਾ ਸੀ, ਹਰ ਤਰ੍ਹਾਂ ਦੀਆਂ ਅਫ਼ਵਾਹਾਂ ਫੈਲ਼ ਰਹੀਆਂ ਸਨ। ਦੂਰ ਹਿਮਾਲਿਆ ਦੇ ਇੱਕ ਸਾਧੂ, ਸ੍ਰੀ ਮਹਾਂ ਪ੍ਰਭੂ ਜਗਬੰਸ਼ ਨੇ ਆਪਣੀ 13 ਸਾਲ ਦੀ ਤਪੱਸਿਆ ਦੇ ਅੰਤ ਵਿੱਚ ਹਿੰਦੁਸਤਾਨ ਨੂੰ ਆਜ਼ਾਦ ਵੇਖਣ ਦਾ ਪ੍ਰਣ ਕੀਤਾ ਹੋਇਆ ਸੀ ਤੇ ਉਹਦੇ ਕਿਸੇ ਦਿਨ ਵੀ ਸਮਾਧੀ ਤੋੜ ਕੇ ਆਪਣੀ ਗੁਫਾ 'ਚੋਂ ਬਾਹਰ ਆ ਜਾਣ ਦੀ ਆਸ ਸੀ। ਕਲਕੱਤੇ ਦੀਆਂ ਸੜਕਾਂ ਤੇ ਗਲੀਆਂ ਵਿੱਚ ਲੋਕ ਪੰਜਾਬ ਵਿੱਚ ਹੋਣ ਵਾਲ਼ੀ ਕਿਸੇ ਭਿਆਨਕ ਘਟਨਾ ਬਾਰੇ ਕਾਨਾਫੂਸੀਆਂ ਕਰਦੇ ਸੁਣੇ ਜਾਂਦੇ ਸਨ।

ਇਨਕਲਾਬੀਆਂ ਨੇ ਆਪਣੀਆਂ ਸਕੀਮਾਂ ਇੰਨ ਬਿੰਨ ਤੇ ਠੀਕ ਠੀਕ ਘੜੀਆਂ ਸਨ। ਉਨ੍ਹਾਂ ਦੀ ਜਥੇਬੰਦੀ, ਅੰਕੜੇ ਤੇ ਛਾਉਣੀਆਂ ਆਦਿ ਬਾਰੇ ਇਤਲਾਹ ਬਿਲਕੁੱਲ ਨਹੀਂ ਸੀ। ਇੱਕ ਹੋਣੀ ਭਰਪੂਰ ਰਾਤ ਨੂੰ ਬਦੇਸ਼ੀ ਹਕੂਮਤ ਵਿਰੁੱਧ ਜੰਗ ਦਾ ਐਲਾਨ ਹੋਵੇਗਾ, ਸ਼ਹਿਰਾਂ ਤੇ ਛਾਉਣੀਆਂ ਤੇ ਅਚਣਚੇਤ ਹਮਲੇ ਹੋਣਗੇ ਤੇ ਫੌਜੀਆਂ ਦੀ ਸਹਾਇਤਾ ਨਾਲ਼ ਹਥਿਆਰਖਾਨੇ ਤੇ ਬਰੂਦਖਾਨੇ ਕਾਬੂ ਕੀਤੇ ਜਾਣਗੇ। ਕੈਦੀਆਂ ਨੂੰ ਰਿਹਾ ਕਰਵਾ ਕੇ ਤੇ ਖਜ਼ਾਨੇ ਲੁੱਟ ਕੇ ਸਾਰੇ ਇਨਕਲਾਬੀ ਜਥਿਆਂ ਤੇ ਫੌਜੀਆਂ ਨੇ ਪੰਜਾਬ ਵਿੱਚ ਇਕੱਠੇ ਹੋਣਾ ਸੀ। ਹੁਣ ਉਨ੍ਹਾਂ ਪਾਸ ਘੱਟੋ ਘੱਟ ਇੱਕ ਸਾਲ ਤੱਕ ਵਿਦੇਸ਼ੀ ਹਕੂਮਤ ਵਿਰੁੱਧ ਜੰਗ ਕਰਨ ਲਈ ਕਾਫੀ ਬੰਦੇ ਤੇ ਹਥਿਆਰ ਹੋਣੇ ਸਨ ਤੇ ਕੌਣ ਕਹਿ ਸਕਦਾ ਸੀ ਕਿ ਦੇਸ਼ ਦਾ ਬੱਚਾ-ਬੱਚਾ ਬਗ਼ਾਵਤ ਲਈ ਨਹੀਂ ਉੱਠ ਖਲੋਵੇਗਾ, ਜਦ ਇੱਕ ਸੂਬੇ ਵਿੱਚ ਕਾਮਯਾਬ ਇਨਕਲਾਬ ਦਾ ਝੰਡਾ ਉੱਚਾ ਕੀਤਾ ਗਿਆ।

ਬਗ਼ਾਵਤ ਪੰਜਾਬੀ ਦੀਆਂ ਛਾਉਣੀਆਂ ਤੋਂ ਸ਼ੁਰੂ ਹੋ ਕੇ ਪੂਰਬੀ ਹਿੰਦੁਸਤਾਨ ਵੱਲ ਵੱਧਣੀ ਸੀ। 1857 ਦੇ ਗ਼ਦਰ ਤੋਂ ਬਾਅਦ ਇਹ ਸਭ ਤੋਂ ਜ਼ਬਰਦਸਤ ਸਾਮਰਾਜ ਵਿਰੋਧੀ ਬਗ਼ਾਵਤ ਦੀ ਤਿਆਰੀ ਸੀ।

## ਹਕੂਮਤ ਦਾ ਵਾਰ

ਪਰ ਹੁਣ ਜਿਸ ਵੇਲ਼ੇ ਸਾਰੇ ਇਨਕਲਾਬੀ ਹਿੰਦੁਸਤਾਨ ਦੀਆਂ ਤਾਂਘ ਰਹੀਆਂ ਅੱਖਾਂ ਪੰਜਾਬ ਉੱਤੇ ਲੱਗੀਆਂ ਹੋਈਆਂ ਸਨ – ਮਾਰੂ ਸੱਟ ਪੈ ਗਈ।

18 ਫਰਵਰੀ ਦੀ ਰਾਤ ਤੇ ਅਗਲੀ ਸਵੇਰ ਨੂੰ ਸੂਬੇ ਦੇ ਵੱਡੇ ਵੱਡੇ ਸ਼ਹਿਰਾਂ ਦੀ ਵਸੋਂ ਨੇ ਤੱਕਿਆ ਕਿ ਗੋਰੇ ਫੌਜੀਆਂ ਨਾਲ਼ ਲੱਦੇ ਟਰੱਕ ਤੇ ਲਾਰੀਆਂ ਧੜਾ ਧੜ ਅੰਦਰ ਆ ਰਹੇ ਸਨ। ਪੁਲਿਸ ਦੇ ਨਾਲ਼ ਹੋ ਕੇ ਉਨ੍ਹਾਂ ਸ਼ਹਿਰਾਂ ਦੇ ਜ਼ਰੂਰੀ ਥਾਵਾਂ 'ਤੇ ਕਬਜ਼ਾ ਕਰ ਲਿਆ, ਪਹਿਰੇ ਲਾ ਦਿੱਤੇ ਤੇ ਸੜਕਾਂ ਤੇ ਗਲੀਆਂ ਵਿੱਚ ਗਸ਼ਤ ਸ਼ੁਰੂ ਕਰ ਦਿੱਤੀ। ਛਾਉਣੀਆਂ ਵਿੱਚ ਅੰਗਰੇਜ਼ੀ ਫੌਜੀਆਂ ਨੇ ਹਥਿਆਰ ਤੇ ਬਾਰੂਦ ਖਾਨੇ ਸਾਂਭ ਲਏ, ਪਹਿਰੇ ਤਕੜੇ ਕਰ ਦਿੱਤੇ ਗਏ ਤੇ ਫੌਜੀ ਡਿਸਪਲਿਨ ਹੋਰ ਵੀ ਸਖਤ ਹੋ ਗਿਆ। ਵੇਖਣ ਵਾਲ਼ੇ ਇਹ ਪ੍ਰਬੰਧ ਹੋ ਰਿਹਾ ਵੇਖ ਕੇ ਹੈਰਾਨ ਸਨ। ਕੀ ਇਹ ਕਿਸੇ ਅਚਾਨਕ ਹੀ ਆਣ ਪਈ ਜੰਗੀ ਬਿਪਤਾ ਦੇ ਮੁਕਾਬਲੇ ਦੀਆਂ ਤਿਆਰੀਆਂ ਸਨ ? ਉਹ ਸੋਚ ਰਹੇ ਸਨ।

ਹਕੂਮਤ ਨੇ ਇਨਕਲਾਬੀਆਂ ਉੱਤੇ ਹਮਲਾ ਕਰ ਦਿੱਤਾ ਸੀ। ਇੱਕ ਸੂਹੀਆ ਕਿਰਪਾਲ ਸਿੰਘ ਗ਼ਦਰ ਪਾਰਟੀ ਅੰਦਰ ਦਾਖਲ ਹੋਣ ਵਿੱਚ ਕਾਮਯਾਬ ਹੋ ਗਿਆ ਸੀ। ਐਨ ਆਖ਼ਰੀ ਸਮੇਂ ਉਹਨੇ ਆਪਣੇ ਮਾਲਕਾਂ ਨੂੰ ਹੋਣ ਵਾਲ਼ੀ ਬਗ਼ਾਵਤ ਦੀ ਖ਼ਬਰ ਦੇ ਦਿੱਤੀ ਸੀ। ਇਨਕਲਾਬੀਆਂ ਨੇ ਆਖ਼ਰੀ ਘੜੀ ਬਗ਼ਾਵਤ ਨੂੰ ਦੋ ਦਿਨ ਪਹਿਲੇ 19 ਤਰੀਕ ਨੂੰ ਕਾਮਯਾਬ ਕਰਨ ਦੀ ਕੋਸ਼ਿਸ਼ ਕੀਤੀ। ਪਰ ਮੌਕਾ ਸਦਾ ਲਈ ਖੁੰਝ ਗਿਆ ਜਾਪਦਾ ਸੀ – ਭੇਦ ਫੇਰ ਖੁੱਲ੍ਹ ਗਿਆ।

19 ਫਰਵਰੀ ਨੂੰ ਤੜਕੇ ਸਵੇਰ ਸਾਰ ਨੌਜਵਾਨ ਸਰਾਭਾ ਆਪਣੇ 50 ਇਨਕਲਾਬੀਆਂ ਦੇ ਜਥੇ ਨੂੰ ਨਾਲ਼ ਲੈ ਕੇ ਫਿਰੋਜ਼ਪੁਰ ਪੁੱਜਾ। ਪਰ ਉਹਦੀਆਂ ਅੱਗ ਲਾ ਦੇਣ ਵਾਲ਼ੀਆਂ ਤਕਰੀਰਾਂ ਵੀ ਮਾਯੂਸੀ ਤੇ ਨਿਰਾਸਤਾ ਦੀ ਡੂੰਘੀ ਖੱਡ ਵਿੱਚ ਡਿੱਗ ਚੁੱਕੇ ਫੌਜੀਆਂ ਨੂੰ ਨਾ ਉੱਭਾਰ ਸਕੀਆਂ। ਉਹ ਕੇਵਲ ਦੂਰ ਮੈਗਜ਼ੀਨਾਂ ਤੇ ਆਕੜ ਕੇ ਪਹਿਰੇ ਦੇ ਰਹੇ ਗੋਰੇ ਫੌਜੀਆਂ ਵੱਲ ਹੀ ਇਸ਼ਾਰੇ ਕਰਦੇ ਸਨ – ਕੁਛ ਹੋਰ ਆਪਣੀ ਬੇਬਸੀ 'ਤੇ ਰੋ ਰਹੇ ਸਨ।

ਆਸਾਂ ਦਾ ਅੰਤ ਹੋ ਚੁੱਕਾ ਜਾਪਦਾ ਸੀ। ਸਾਲਾਂ ਬੱਧੀਂ ਸੀਨਿਆਂ ਵਿੱਚ ਪਾਲੇ ਸੁਪਨੇ ਤੇ ਮਹੀਨਿਆਂ ਦੀ ਹੱਡ-ਤੋੜ ਮਿਹਨਤ ਮਿੱਟੀ ਵਿੱਚ ਰੁਲ ਗਏ ਸਨ। ਇੱਕ ਪਲ ਲਈ ਨਿਡਰ ਜੋਧੇ ਕਰਤਾਰ – ਜਿਹਨੇ ਕਦੇ ਵੀ ਹਾਰ ਤੇ ਨਿਰਾਸਤਾ ਕਬੂਲ ਨਹੀਂ ਸੀ ਕੀਤੀ, ਦੀਆਂ ਅੱਖਾਂ ਵਿੱਚ ਵੀ ਅੱਥਰੂ ਝਲਕ ਪਏ।

ਹੁਣ ਅਸਲੀ ਫੜੋ ਫੜੀ ਸ਼ੁਰੂ ਹੋਈ। ਅਗਲੇ ਦੋ ਹਫਤੇ ਪੰਜਾਬ ਅੰਨ੍ਹੀ ਹਕੂਮਤੀ ਦਹਿਸ਼ਤ ਦੀ ਜਕੜ ਵਿੱਚ ਰਿਹਾ। ਪੁਲਿਸ ਅਫ਼ਸਰ ਖਾਨ ਲਿਆਕਤ ਹਯਾਤ ਖਾਨ ਤੇ ਸੀ. ਆਈ. ਡੀ. ਦੇ ਅਫਸਰ ਐਲ. ਐਲ. ਟੌਮਿਕਨਜ਼ ਦੀ ਅਗਵਾਈ ਹੇਠ ਇਕੱਲੇ ਲਾਹੌਰ ਵਿੱਚ ਦਰਜਨਾਂ ਥਾਵਾਂ 'ਤੇ ਛਾਪੇ ਮਾਰੇ ਗਏ। ਹਰ ਇੱਕ ਉੱਤੇ ਸ਼ੱਕ ਸੀ ਤੇ ਬਹੁਤ ਥੋੜ੍ਹੇ ਹੀ ਪੁਲਸੀ ਸ਼ਿਕੰਜੇ 'ਚੋਂ ਬਚ ਨਿਕਲਣ ਵਿੱਚ ਕਾਮਯਾਬ ਹੋਏ। 200 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ। ਕਰਤਾਰ ਸਿੰਘ ਸਰਾਭਾ ਨੂੰ ਸਾਥੀਆਂ ਨੇ ਹਿੰਦੁਸਤਾਨ ਛੱਡ ਜਾਣ ਲਈ ਆਖਿਆ। "ਆਪਣੇ ਸਾਥੀਆਂ ਨੂੰ ਜੇਲ੍ਹਾਂ ਵਿੱਚ ਛੱਡ ਕੇ ਮੈਂ ਅਜਿਹਾ ਕਰਨ ਦਾ ਖਿਆਲ ਤੱਕ ਵੀ ਮਨ ਵਿੱਚ ਨਹੀਂ ਲਿਆ ਸਕਦਾ।" ਉਹਨੇ ਉੱਤਰ ਦਿੱਤਾ। ਆਖ਼ਰ ਉਹ ਵਜ਼ੀਰਾਬਾਦ ਦੇ ਫੌਜੀਆਂ ਵਿਚਕਾਰ ਫੜਿਆ ਗਿਆ।

ਪਿੰਗਲੇ ਮੇਰਠ ਵਿੱਚ ਬਾਹਰਵੇਂ ਰਸਾਲੇ ਦੀਆਂ ਬਾਰਕਾਂ ਵਿੱਚ ਗ੍ਰਿਫ਼ਤਾਰ ਹੋਇਆ। ਮਾਈਕਲ ਉਡਵਾਇਰ ਦੇ ਅੱਖਰਾਂ ਵਿੱਚ, ਉਹਦੇ ਪਾਸ, "ਮਾਹਿਰਾਂ ਦੀ ਰਾਏ ਅਨੁਸਾਰ ਅੱਸੀ ਰਜਮੈਂਟ ਉਡਾ ਦੇਣ ਜੋਗੇ ਬੰਬ ਸਨ।"

ਜਗਤ ਰਾਮ ਦੀ ਗ੍ਰਿਫ਼ਤਾਰੀ ਪੇਸ਼ਾਵਰ ਵਿੱਚ ਹੋਈ।

ਜਲਦੀ ਹੀ ਹਕੂਮਤ ਦੇ ਕਹਿਣ ਅਨੁਸਾਰ ਅਮਨ ਮੁੜ ਕਾਇਮ ਹੋ ਗਿਆ। ਪਰ ਸਤੰਬਰ 1915 ਤੱਕ ਬਚੇ ਖੁਚੇ ਗ਼ਦਰ ਇਨਕਲਾਬੀਆਂ ਨਾਲ਼ ਪੁਲਿਸ ਤੇ ਫੌਜ ਦੀਆਂ ਝੜਪਾਂ ਤੇ ਟਾਕਰੇ ਹੁੰਦੇ ਰਹੇ।

## 'ਬਾਦਸ਼ਾਹ ਦਾ ਰਾਜ ਉਲਟਾਉਣ' ਦੇ ਜੁਰਮ ਵਿੱਚ

ਗ੍ਰਿਫ਼ਤਾਰ ਹੋਏ ਬੰਦਿਆਂ 'ਤੇ ਮੁਕੱਦਮਾ ਚਲਾਇਆ ਜਾਣਾ ਸੀ – ਪਰ ਹਕੂਮਤ ਵੱਲੋਂ ਸਾਰਾ ਪ੍ਰਬੰਧ ਪੱਕਿਆਂ ਕਰ ਲੈਣ ਤੋਂ ਪਹਿਲਾਂ ਨਹੀਂ।

ਹੋਮ ਮੈਂਬਰ ਕਰੈਡੋਨ ਦੀ ਅਗਵਾਈ ਹੇਠ ਇਮਪੀਰੀਅਲ ਲੈਜਿਸਲੇਟਿਵ ਕਉਂਸਿਲ ਵਿੱਚ ਛੇਤੀ ਛੇਤੀ ਇੱਕ ਡੀਫੈਂਸ ਆਫ ਇੰਡੀਆ ਐਕਟ (ਹਿੰਦ ਰੱਖਿਆ ਦਾ ਕਾਨੂੰਨ) ਪਾਸ ਕੀਤਾ ਗਿਆ। ਉਹਦਾ ਉਚੇਚਾ ਮੰਤਵ ਇਨਕਲਾਬ ਦੇ ਮੁਕੱਦਿਆਂ ਦੀ ਸੁਣਵਾਈ ਲਈ ਸਪੈਸ਼ਲ ਟਰੀਬੂਨਲ (ਅਦਾਲਤਾਂ) ਕਾਇਮ ਕਰਨਾ ਸੀ। ਇਨ੍ਹਾਂ ਅਦਾਲਤਾਂ ਵਿੱਚ ਨਾ ਕੋਈ ਫਰਦ ਜੁਰਮ ਲਾਉਣ ਦੀ ਲੋੜ ਸੀ ਤੇ ਨਾ ਹੀ ਇਨ੍ਹਾਂ ਦੇ ਫੈਸਲਿਆਂ ਵਿਰੁੱਧ ਕੋਈ ਕਾਨੂੰਨੀ ਅਪੀਲ ਹੋ ਸਕਦੀ ਸੀ। ਇੱਕ ਅਜਿਹਾ ਤਿੰਨਾਂ ਜੱਜਾਂ 'ਤੇ ਨਿਰਭਰ ਸਪੈਸ਼ਲ ਟਰੀਬੂਨਲ ਪੰਜਾਬ ਵਿੱਚ ਵੀ ਖੜ੍ਹਾ ਕੀਤਾ ਗਿਆ। ਇਹਦਾ ਇਕੱਲਾ ਹਿੰਦੁਸਤਾਨੀ ਮੈਂਬਰ ਇੱਕ ਸ਼ਿਵ ਨਰਾਇਣ ਸ਼ਰਮਾ ਸੀ।

27 ਮਾਰਚ, 1915 ਨੂੰ ਲਾਹੌਰ ਵਿੱਚ ਪਹਿਲਾ ਲਾਹੌਰ ਸਾਜਿਸ਼ ਕੇਸ ਸ਼ੁਰੂ ਹੋਇਆ।

ਲਾਹੌਰ ਸੈਂਟਰਲ ਜੇਲ੍ਹ ਦੀ ਬਾਰਕ ਨੰ: 16 ਨੂੰ ਖਾਸ ਤੌਰ 'ਤੇ ਅਦਾਲਤੀ ਹਾਲ ਦੇ ਤੌਰ 'ਤੇ ਵਰਤਣ ਦਾ ਪ੍ਰਬੰਧ ਕੀਤਾ ਗਿਆ ਸੀ। ਇੱਕ ਸਿਰੇ 'ਤੇ ਇੱਕ ਨਿੱਕਾ ਜਿਹਾ ਥੜ੍ਹਾ ਸੀ। ਇਸ ਉੱਤੇ ਸਾਮਰਾਜੀ ਇਨਸਾਫ ਦੀ ਮੂਰਤੀ–ਸਪੈਸ਼ਲ ਟਰੀਬੂਨਲ ਦੇ ਤਿੰਨੇ ਜੱਜ ਬੈਠੇ ਸਨ। ਸਰਕਾਰੀ ਵਕੀਲ ਪਿਟਮੈਨ ਆਪਣੇ ਸਾਥੀਆਂ ਤੇ ਸੀ. ਆਈ. ਡੀ. ਤੇ ਅਨੇਕਾਂ ਅਫ਼ਸਰਾਂ ਸਮੇਤ ਸੱਜੇ ਪਾਸੇ ਬੈਠਾ ਸੀ। ਖੱਬੇ ਪਾਸੇ ਹੱਥਕੜੀਆਂ ਵਿੱਚ ਜਕੜੇ 65 ਮੁਲਜ਼ਮ ਖੜ੍ਹੇ ਸਨ। ਉਨ੍ਹਾਂ ਵਿਰੁੱਧ "ਬਾਦਸ਼ਾਹ ਦਾ ਰਾਜ ਉਲਟਾਉਣ ਦੀ ਸਾਜਿਸ਼" ਦਾ ਜੁਰਮ ਸੀ।

ਮੁਲਜ਼ਮਾਂ ਵਿੱਚ ਸੋਹਨ ਸਿੰਘ ਭਕਨਾਂ ਵਰਗੇ ਕਈ ਅਜਿਹੇ ਸਨ ਜਿਨ੍ਹਾਂ ਨੂੰ ਜਹਾਜ਼ ਤੋਂ ਉੱਤਰਦਿਆਂ ਨੂੰ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਨ੍ਹਾਂ ਨੂੰ ਜੇਲ੍ਹਾਂ ਵਿੱਚ ਮੌਤ ਦੀਆਂ ਧਮਕੀਆਂ, ਜਾਇਦਾਦਾਂ ਦੇ ਲਾਲਚ ਤੇ ਅਨੇਕਾਂ ਤਸੀਹੇ ਦਿੱਤੇ ਗਏ ਸਨ ਪਰ ਉਨ੍ਹਾਂ ਆਪਣੇ ਸਾਥੀਆਂ ਨਾਲ਼ ਗ਼ੱਦਾਰੀ ਕਰਨੀ ਕਬੂਲ ਨਾ ਕੀਤੀ। ਮੁਲਜ਼ਮਾਂ ਵਿੱਚ ਹੋਰ ਅਜਿਹੇ ਸਨ ਜੋ ਸਾਮਰਾਜ ਵਿਰੋਧੀ ਜਦੋ–ਜਹਿਦ ਦੇ ਦੌਰਾਨ ਵਿੱਚ ਗ੍ਰਿਫ਼ਤਾਰ ਹੋਏ ਸਨ ਤੇ ਇਨ੍ਹਾਂ ਵਿੱਚੋਂ

ਕਈਆਂ ਨੇ ਅਮਰੀਕਾ ਤੋਂ ਮੁੜਨ ਪਿੱਛੋਂ ਇੱਕ ਵਾਰੀ ਵੀ ਆਪਣੇ ਘਰਾਂ ਦਾ ਮੂੰਹ ਨਹੀਂ ਸੀ ਤਕਿਆ। ਭਾਨ ਸਿੰਘ, ਨਿਧਾਨ ਸਿੰਘ ਤੇ ਕੇਹਰ ਸਿੰਘ ਵਰਗੇ ਸੱਠਾਂ ਸੱਠਾਂ ਸਾਲਾਂ ਦੇ ਬਜ਼ੁਰਗ, ਸਰਾਭਾ, ਪ੍ਰਿਥਵੀ ਸਿੰਘ ਤੇ ਗੁਰਮੁੱਖ ਸਿੰਘ ਜਿਹੇ ਮਸਾਂ ਜਵਾਨੀ ਵਿੱਚ ਪੈਰ ਧਰ ਰਹੇ ਗੱਭਰੂਆਂ ਦੇ ਨਾਲ਼ ਜਕੜੇ ਮੁਲਜ਼ਮਾਂ ਦੇ ਕਟਹਿਰੇ ਵਿੱਚ ਖੜ੍ਹੇ ਸਨ।

ਮੁਲਜ਼ਮਾਂ ਨੂੰ ਸ਼ੁਰੂ ਤੋਂ ਹੀ ਪਤਾ ਸੀ ਕਿ ਸਾਰਾ ਮੁਕੱਦਮਾ ਇੱਕ ਦਿਖਾਵੇ ਦਾ ਸਾਂਗ ਸੀ। ਨਾ ਹੀ ਉਨ੍ਹਾਂ ਕਦੇ ਆਪਣੀ ਸਫਾਈ ਪੇਸ਼ ਕਰਨ ਦੀ ਖਾਹਿਸ਼ ਜ਼ਾਹਰ ਕੀਤੀ ਸੀ। "ਜਿਨ੍ਹਾਂ ਦਾ ਤਖ਼ਤਾ ਉਲਟਾਉਣ ਦਾ ਫੈਸਲਾ ਕੀਤਾ ਹੈ, ਉਨ੍ਹਾਂ ਤੋਂ ਹੀ ਇਨਸਾਫ਼ ਦੀ ਆਸ ਰੱਖੀਏ ?" ਉਨ੍ਹਾਂ ਬੜੀ ਘਿਰਨਾ ਨਾਲ਼ ਇਸ ਖ਼ਿਆਲ ਨੂੰ ਠੁਕਰਾ ਦਿੱਤਾ ਸੀ।

ਪਰ ਹਕੂਮਤ ਸਾਰੀ ਕਾਰਵਾਈ ਨੂੰ ਇਨਸਾਫ ਦਾ ਰੰਗ ਦੇਣਾ ਚਾਹੁੰਦੀ ਸੀ। ਉਨ੍ਹਾਂ ਸਫਾਈ ਲਈ 9 ਵਕੀਲਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਮੁਕੱਦਮੇ ਦੇ ਪਹਿਲੇ ਦਿਨ ਦੀ ਕਾਰਵਾਈ ਨੇ ਹੀ ਦੱਸ ਦਿੱਤਾ ਕਿ ਇੱਕ ਤੋਂ ਸਿਵਾ ਬਾਕੀ ਦੇ ਵਕੀਲ ਸ਼ਾਇਦ ਪਹਿਲੀ ਵਾਰ ਹੀ ਕਿਸੇ ਅਦਾਲਤ ਮੁਹਰੇ ਪੇਸ਼ ਹੋ ਰਹੇ ਸਨ। ਮੁਲਜ਼ਮਾਂ ਦੀ ਬਹੁ-ਗਿਣਤੀ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ - ਤੇ ਉਹ ਮੁਕੱਦਮੇ ਦੀ ਕਾਰਵਾਈ ਨਹੀਂ ਸਨ ਸਮਝ ਸਕਦੇ। ਜਿਹੜੇ ਇਹ ਬਦੇਸ਼ੀ ਬੋਲੀ ਜਾਣਦੇ ਸਨ, ਉਨ੍ਹਾਂ ਨੂੰ ਇਸ ਕਾਰਵਾਈ ਦੀ ਕੋਈ ਪ੍ਰਵਾਹ ਨਹੀਂ ਸੀ।

ਪਰ ਮੁਕੱਦਮਾ ਜਾਰੀ ਰਿਹਾ ਤੇ ਸਰਕਾਰੀ ਵਕੀਲ ਨੇ ਜੋ ਆਇਆ ਕੀਤਾ। ਸ਼ਨਾਖਤ ਵੇਲ਼ੇ ਗਵਾਹਾਂ ਨੂੰ ਉਨ੍ਹਾਂ ਦੇ ਬੰਦੇ ਦੱਸ ਦਿੱਤੇ ਜਾਂਦੇ ਸਨ। ਜਦ ਜਵਾਲਾ ਸਿੰਘ ਜੀ ਨੇ ਇਸ ਉੱਤੇ ਇਤਰਾਜ਼ ਕੀਤਾ-ਤਾਂ ਉਨ੍ਹਾਂ ਨੂੰ 30 ਬੈਂਤਾਂ ਦੀ ਸਜ਼ਾ ਦਿੱਤੀ ਗਈ। ਜੇਲ੍ਹ ਸੁਪਰੀਟੈਂਡੰਟ ਦੀ ਰਾਏ ਵਿੱਚ ਉਨ੍ਹਾਂ ਇੱਕ ਅਫ਼ਸਰ ਦੀ ਬੇਇੱਜ਼ਤੀ ਕੀਤੀ ਤੇ ਕਾਨੂੰਨ ਦੀ ਠੀਕ ਪੈਰਵੀ ਵਿੱਚ ਰੁਕਾਵਟ ਪਾਈ ਸੀ। ਭਕਨੇ ਦੇ ਨੰਬਰਦਾਰ ਆਲਾ ਸਿੰਘ ਵਾਂਗ ਗਵਾਹ ਪਿਟਮੈਨ ਨਾਲ਼ ਬੈਠੇ ਥਾਣੇਦਾਰਾਂ ਵੱਲ ਇਸ਼ਾਰਾ ਕਰਕੇ ਆਖਦੇ ਸਨ, "ਅਸੀਂ ਤਾਂ ਜਿਵੇਂ 'ਸਰਕਾਰ' ਆਖੇ ਉਵੇਂ ਹੀ ਕਰਨਾ ਹੈ" - ਤੇ ਸਭ ਜਾਇਜ਼ ਸਮਝਿਆ ਜਾਂਦਾ ਸੀ। ਮੋਹਰੀ ਸਫ਼ਾਈ ਦਾ ਵਕੀਲ ਰਘੂਨਾਥ ਸਹਾਏ ਕੁਰਸੀ ਤੋਂ ਟੱਪ ਪਿਆ ਜਦ ਕੇਸਰ ਸਿੰਘ ਹੁਰਾਂ ਨੇ ਗੱਲਾਂ ਗੱਲਾਂ ਵਿੱਚ ਕਿਹਾ ਕਿ ਜਹਾਜ਼ ਉੱਤੇ ਹੀ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਉਨ੍ਹਾਂ ਵਿਰੁੱਧ ਕੋਈ ਜੁਰਮ ਨਹੀਂ ਲਾਇਆ ਜਾ ਸਕਦਾ। ਰਘੂਨਾਥ ਸਹਾਏ ਦੀ ਹੈਰਾਨੀ ਦਾ ਕੋਈ ਅੰਤ ਨਹੀਂ ਸੀ। "ਤੁਸੀਂ ਕੀ ਸੁਪਨੇ ਲੈ ਰਹੇ ਹੋ ਸਰਦਾਰ ਸਾਹਿਬ", ਉਹਨੇ ਥਿੜਕਦੇ ਅੱਖਰਾਂ ਵਿੱਚ ਆਖਿਆ, "ਤੁਸੀਂ ਤਾਂ ਫਾਂਸੀ ਦੀਆਂ ਤਿਆਰੀ ਕਰੋ।"

ਸ਼ੱਕ ਕਰਨ ਵਾਲ਼ਿਆਂ ਨੂੰ ਵੀ ਹੁਣ ਯਕੀਨ ਹੋ ਗਿਆ ਕਿ ਮੁਕੱਦਮਾ ਕਿੱਥੇ ਖ਼ਤਮ ਹੋਵੇਗਾ।

ਇਸੇ ਤਰ੍ਹਾਂ ਮਹੀਨੇ ਲੰਘਦੇ ਗਏ। 1404 ਸਰਕਾਰੀ ਤੇ 228 ਸਫਾਈ ਦੇ ਗਵਾਹ ਭੁਗਤਾਏ ਗਏ। ਪਰ ਮੁਲਜ਼ਮ ਮੁਕੱਦਮੇ ਦੀ ਕਾਰਵਾਈ ਤੇ ਫੈਸਲੇ ਤੇ ਉੱਕਾ ਹੀ ਬੇਨਿਆਜ਼ ਸਨ। ਉਹ ਸਾਰਾ ਸਮਾਂ ਕਟਹਿਰੇ ਵਿੱਚ ਖੜ੍ਹੇ ਤੇ ਬੈਠੇ ਹਾਸੇ ਮਖੌਲ ਤੇ ਆਪ ਬੀਤੀਆਂ ਸੁਣਾਉਣ ਵਿੱਚ ਹੀ ਗੁਜ਼ਾਰਦੇ। ਰੌਲ਼ਾ ਵੱਧ ਜਾਂਦਾ ਤਾਂ ਟਰੀਬੂਨਲ ਦਾ ਪ੍ਰਧਾਨ ਘੰਟੀ ਵਜਾ

ਦਿੰਦਾ, ਕੁਛ ਚਿਰ ਰੁੱਕਦਾ ਤੇ ਫਿਰ ਆਖਦਾ, "ਅੱਗੇ ਚੱਲੋ" ਤੇ ਇਹ ਉਹਨੂੰ ਦਿਨ ਵਿੱਚ ਕਈ ਕਈ ਵਾਰ ਕਰਨਾ ਪੈਂਦਾ ਸੀ – ਉਹਦੀ ਰਾਏ ਵਿੱਚ ਅਜੀਬ ਤਰ੍ਹਾਂ ਦੇ ਲਾ-ਪ੍ਰਵਾਹ ਮੁਲਜ਼ਮਾਂ ਨਾਲ਼ ਵਾਹ ਪਿਆ ਸੀ।

ਮੁਕੱਦਮੇ ਦਾ ਅਖ਼ੀਰ ਆਣ ਪੁੱਜਾ। ਮੁਲਜ਼ਮਾਂ ਨੇ ਆਪਣੀ ਮੀਟਿੰਗ ਲਾਈ। ਫੈਸਲਾ ਹੋਇਆ ਕਿ ਸਾਮਰਾਜ ਵਿਰੋਧੀ ਸੰਗਰਾਮ ਦੇ 7 ਮੋਢੀ ਆਗੂ ਜਿਨ੍ਹਾਂ ਆਪਣੇ ਸਾਥੀਆਂ ਦੀ ਗ੍ਰਿਫਤਾਰੀ ਤੋਂ ਪਿੱਛੇ ਬਗ਼ਾਵਤ ਦੀ ਜਥੇਬੰਦੀ ਕੀਤੀ, ਜੋ ਕੁਛ ਹੋਇਆ ਉਹਦੀ ਜ਼ਿੰਮੇਵਾਰੀ ਲੈਣ ਤੇ ਆਪਣੇ ਬਿਆਨ ਦੇਣ। ਹਰ ਇੱਕ ਨੂੰ ਇਨ੍ਹਾਂ ਸੱਤਾਂ ਵਿੱਚ ਨਾਂਅ ਲਿਖਾਉਣ ਦੀ ਤਾਂਘ ਸੀ.....। ਉਹ ਜਾਣਦੇ ਸਨ ਇਵੇਂ ਕਰਿਆਂ ਕਿਸੇ ਦਾ ਬਚਾਅ ਨਹੀਂ ਹੋਣਾ – ਪਰ ਉੱਥੇ ਬਚਣਾ ਚਾਹੁੰਦਾ ਵੀ ਕੌਣ ਸੀ ? ਸਭ ਤੋਂ ਜ਼ਰੂਰੀ ਗੱਲ ਤਾਂ ਇਹ ਸੀ ਕਿ ਟਰੀਬੂਨਲ ਦੇ ਰਾਹੀਂ ਸਮਰਾਜੀ ਹਕੂਮਤ ਨੂੰ ਇੱਕ ਠੋਕਵਾਂ ਜਵਾਬ ਦਿੱਤਾ ਜਾਏ।

"ਇਲਜ਼ਾਮ ਗ਼ਲਤ ਹੈ," ਨੌਜਵਾਨ ਕਰਤਾਰ ਸਿੰਘ ਸਰਾਭਾ ਨੇ ਗੁੰਦਵੇਂ ਤੇ ਤੋਲਵੇਂ ਅੱਖਰਾਂ ਵਿੱਚ ਅਦਾਲਤ ਨੂੰ ਆਖਿਆ ਤੇ ਜੱਜਾਂ ਨੇ ਕੰਨ ਖੜ੍ਹੇ ਕਰ ਲਏ। "ਹਾਂ ਅਸੀਂ ਕੋਈ ਸਾਜਿਸ਼ ਨਹੀਂ ਕੀਤੀ – ਅਸੀਂ ਡੰਡੇ ਦੀ ਚੋਟ ਨਾਲ਼ ਇਸ ਦੇਸ਼ ਦੇ ਸਾਮਰਾਜੀ ਹੁਕਮਰਾਨਾਂ ਦੀ ਤਾਕਤ ਨੂੰ ਬਗ਼ਾਵਤ ਦਾ ਚੈਲੇਂਜ ਦਿੱਤਾ ਸੀ – ਤੇ ਸਾਨੂੰ ਆਪਣੀ ਕੋਸ਼ਿਸ਼ ਉੱਤੇ ਮਾਣ ਹੈ", ਉਹਨੇ ਦੱਸਿਆ ਕਿ ਕਿਵੇਂ ਗੁਲਾਮ ਹੋਣ ਕਰਕੇ ਦੇਸ਼ ਅੰਦਰ ਗਰੀਬੀ ਤੇ ਗਿਰਾਵਟ ਅਤੇ ਪ੍ਰਦੇਸਾਂ ਵਿੱਚ ਨਫਰਤ, ਜ਼ਿੱਲਤ ਤੇ ਖੁਆਰੀ ਹਿੰਦੁਸਤਾਨੀਆਂ ਦੇ ਹਿੱਸੇ ਆਈ ਸੀ। ਉਹਨੇ ਕਾਮਾਗਾਟਾਮਾਰੂ ਦੇ ਸਾਕੇ, ਗ਼ਦਰ ਪਾਰਟੀ ਦੀ ਉਸਾਰੀ ਤੇ ਤਰੱਕੀ ਅਤੇ ਕੌਮੀ ਬਗ਼ਾਵਤ ਦੇ ਖਿਆਲ ਦੇ ਜਨਮ ਦੀ ਕਹਾਣੀ ਸੁਣਾਈ। ਬਗੈਰ ਕਿਸੇ ਪਛਤਾਵੇ ਤੇ ਕਿਸੇ ਡਰ ਦੇ ਉਹਨੇ ਆਪਣੇ ਅਸਫਲ ਇਨਕਲਾਬੀ ਸੰਗਰਾਮ ਦੀ ਵਾਰਤਾ ਦੱਸੀ। "ਅਸੀਂ ਇੱਕ ਅਜਿਹੀ ਜੋਤ ਜਗਾ ਚਲੇ ਹਾਂ, ਜੋ ਕਦੇ ਨਹੀਂ – ਕਦੇ ਨਹੀਂ ਬੁਝੇਗੀ।" ਉਹਨੇ ਅਖ਼ੀਰ ਵਿੱਚ ਆਖਿਆ।

ਕਰਤਾਰ ਤੇ ਉਹਦੇ ਸਾਥੀ ਉਸ ਥੜ੍ਹੇ 'ਤੇ ਬੈਠੇ ਟਰੀਬੂਨਲ ਤੋਂ ਕਿਤੇ ਵੱਡੇ ਜੱਜਾਂ – ਆਪਣੀ ਜਨਤਾ ਸਾਹਮਣੇ ਬਿਆਨ ਦੇ ਰਹੇ ਸਨ। ਮੁਕੱਦਮਾ ਬੰਦ ਕਮਰੇ ਵਿੱਚ ਹੋ ਰਿਹਾ ਸੀ। ਕੋਈ ਦਰਸ਼ਕ ਤਾਂ ਕੀ ਮੁਲਜ਼ਮਾਂ ਦੇ ਰਿਸ਼ਤੇਦਾਰਾਂ ਨੂੰ ਵੀ ਹਾਜ਼ਰ ਹੋਣ ਦੀ ਇਜਾਜ਼ਤ ਨਹੀਂ ਸੀ। ਕੇਵਲ ਸੈਂਸਰ ਹੋਈਆਂ ਰਿਪੋਰਟਾਂ ਹੀ ਅਖ਼ਬਾਰਾਂ ਨੂੰ ਦਿੱਤੀਆਂ ਜਾਂਦੀਆਂ ਸਨ – ਪਰ ਫਾਂਸੀਆਂ ਦੇ ਪਰਛਾਵਿਆਂ ਹੇਠ ਖੜ੍ਹੇ ਗ਼ਦਰ ਪਾਰਟੀ ਦੇ ਸੂਰਬੀਰਾਂ ਨੂੰ ਪਤਾ ਸੀ ਕਿ ਇੱਕ ਦਿਨ ਉਨ੍ਹਾਂ ਦੇ ਲੋਕ ਉਨ੍ਹਾਂ ਦੀ ਕਹਾਣੀ ਜ਼ਰੂਰ ਜਾਣਨਗੇ।

ਜੱਜ ਬੁੱਤ ਬਣੇ ਬੈਠੇ ਇਹ ਬਿਆਨ ਸੁਣ ਰਹੇ ਸਨ ਤੇ ਅਦਾਲਤ ਵਿੱਚ ਸਨਾਟਾ ਛਾਇਆ ਹੋਇਆ ਸੀ। ਉਹ ਨੌਜਵਾਨ ਸਰਾਭਾ ਦੇ ਖੂਬਸੂਰਤ ਅਨ-ਰਤੇ ਚਿਹਰੇ ਵੱਲ ਤੱਕੀ ਜਾ ਰਹੇ ਸਨ, ਪਰ ਬਿਆਨ ਲਿਖਣ ਲਈ ਤਿਆਰ ਨਹੀਂ ਸਨ। ਆਖ਼ਰ ਇੱਕ ਨੇ ਪੁੱਛਿਆ, "ਤੈਨੂੰ ਪਤਾ ਏ ਇਹਦਾ ਨਤੀਜਾ ਕੀ ਹੋਵੇਗਾ ? ਸਰਾਭਾ ਨੇ ਝੱਟ ਜਵਾਬ ਦਿੱਤਾ, "ਹਾਂ – ਮੌਤ," – ਪਰ ਉਹਨੇ ਬਿਆਨ ਵਾਪਸ ਲੈਣੋਂ ਇਨਕਾਰ ਕਰ ਦਿੱਤਾ। ਆਖਰ ਜੱਜਾਂ

ਨੇ ਕਰਤਾਰ ਨੂੰ ਸੋਚਣ ’ਤੇ ਮੁੜ ਫੈਸਲਾ ਕਰਨ ਵਾਸਤੇ ਵਕਤ ਦੇਣ ਲਈ ਮੁਕੱਦਮਾ ਮੁਲਤਵੀ ਕਰ ਦਿੱਤਾ।

ਅਦਾਲਤ ਅਗਲੇ ਦਿਨ ਫੇਰ ਜੁੜੀ – ਪਰ ਕਰਤਾਰ ਦਾ ਜਵਾਬ ਤਿਆਰ ਸੀ – ਉਹੋ ਜੋ ਉਹਨੇ ਪਿਛਲੇ ਦਿਨ ਦਿੱਤਾ ਸੀ। ਉਹ ਆਪਣੇ ਬਿਆਨ ਦਾ ਇੱਕ ਅੱਖਰ ਵਾਪਸ ਲੈਣ ਲਈ ਤਿਆਰ ਨਹੀਂ ਸੀ।

ਸਭ ਸਮਝਾਉਣਾ ਬੁਝਾਉਣਾ ਬੇ ਸੂਦ ਸੀ। ਸਰਾਭੇ ਦਾ ਸਭ ਨੂੰ ਇੱਕੋ ਜਵਾਬ ਸੀ, **“ਮੈਂ ਕੋਈ ਜੁਰਮ ਨਹੀਂ ਕੀਤਾ - ਗ਼ੁਲਾਮ ਦਾ ਹੱਕ ਹੈ ਕਿ ਉਹ ਬਗ਼ਾਵਤ ਕਰੇ।”**

ਜੱਜਾਂ ਨੂੰ ਮਜਬੂਰ ਹੋ ਕੇ ਸਰਾਭਾ ਤੇ ਉਹਦੇ ਸਾਥੀਆਂ ਦੇ ਬਿਆਨ ਲਿਖਣੇ ਪਏ।

ਮੁਕੱਦਮਾ ਮੁੱਕ ਗਿਆ। ਜੱਜ ਫੈਸਲਾ ਤਿਆਰ ਕਰਨ ਲਈ ਪਹਾੜਾਂ ’ਤੇ ਚਲੇ ਗਏ ਤੇ ਮੁਲਜ਼ਮ ਮੁੜ ਕਾਲ਼ਕੋਠੜੀਆਂ ਵਿੱਚ ਡੱਕ ਦਿੱਤੇ ਗਏ। ਕੜਕਦੀ ਗਰਮੀ ਦੇ ਦਿਨਾਂ ਵਿੱਚ, ਹੱਥਕੜੀਆਂ ਬੇੜੀਆਂ ਵਿੱਚ ਬੰਨ੍ਹੇ, ਹਰ ਵੇਲ਼ੇ ਕੋਠੜੀਆਂ ਵਿੱਚ ਬੰਦ – ਏਸ ਤਰ੍ਹਾਂ ਦੋ ਮਹੀਨੇ ਹੋਰ ਲੰਘ ਗਏ।

13 ਸਤੰਬਰ ਨੂੰ ਉਨ੍ਹਾਂ ਨੂੰ ਅਖੀਰਲੀ ਵਾਰ 16 ਨੰਬਰ ਬਾਰਕ ਵਿੱਚ ਲਿਆਂਦਾ ਗਿਆ, ਸਪੈਸ਼ਲ ਟਰੀਬੂਨਲ ਨੇ ਆਪਣਾ ਫੈਸਲਾ ਸੁਣਾ ਦਿੱਤਾ।

24 ਬੰਦਿਆਂ ਨੂੰ ਫਾਂਸੀ ਤੇ ਜਾਇਦਾਦਾਂ ਦੀ ਜ਼ਬਤੀ ਦੀ ਸਜ਼ਾ ਦਿੱਤੀ ਗਈ। ਇਨ੍ਹਾਂ ਵਿੱਚ ਸ਼ਾਮਿਲ ਸਨ, ਕਰਤਾਰ ਸਿੰਘ ਸਰਾਭਾ (ਲੁਧਿਆਣਾ), ਜਗਤ ਸਿੰਘ (ਸੁਰਸਿੰਘ, ਲਾਹੌਰ), ਹਰਨਾਮ ਸਿੰਘ (ਭਠੀਗਰਾਂ ਸਿਆਲਕੋਟ), ਵੀ. ਜੀ. ਪਿੰਗਲੇ (ਤਲੇਗਾਓਂ, ਮਹਾਰਾਸ਼ਟਰ—, ਬਖ਼ਸ਼ੀਸ਼ ਸਿੰਘ (ਗਲਵਾਲੀ ਅੰਮ੍ਰਿਤਸਰ), ਸੁਰੈਣ ਸਿੰਘ (ਗਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ (ਗਲਵਾਲੀ ਅੰਮ੍ਰਿਤਸਰ) – ਇਹ ਸਭੇ ਪਿੱਛੋਂ ਫਾਂਸੀ ਲਾਏ ਗਏ। ਸੋਹਣ ਸਿੰਘ ਭਕਨਾ (ਅੰਮ੍ਰਿਤਸਰ), ਕੇਸਰ ਸਿੰਘ (ਠੱਠਗੜ੍ਹ ਅੰਮ੍ਰਿਤਸਰ), ਨਿਧਾਨ ਸਿੰਘ ਚੁੱਗਾ (ਫਿਰੋਜ਼ਪੁਰ), ਪਰਮਾਂ ਨੰਦ (ਝਾਂਸੀ), ਜਗਤ ਰਾਮ (ਹਰਿਆਣਾ, ਹੁਸ਼ਿਆਰਪੁਰ), ਹਰਨਾਮ ਸਿੰਘ ਟੁੰਡੀਲਾਟ (ਕੋਟਲਾ ਨੌਧ ਸਿੰਘ ਹੁਸ਼ਿਆਰਪੁਰ), ਪ੍ਰਿਥਵੀ ਸਿੰਘ (ਲਾਲੜੂ, ਅੰਬਾਲਾ), ਨੰਦ ਸਿੰਘ (ਕੈਲੇ ਲੁਧਿਆਣਾ)।

26 ਬੰਦਿਆਂ ਨੂੰ ਉਮਰ ਕੈਦ ਕਾਲ਼ੇਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ। ਇਨ੍ਹਾਂ ਵਿੱਚ ਸ਼ਾਮਿਲ ਸਨ, ਜਵਾਲਾ ਸਿੰਘ (ਠੱਠੀਆਂ, ਅੰਮ੍ਰਿਤਸਰ) ਵਸਾਖਾ ਸਿੰਘ (ਦਦੇਹਰ, ਅੰਮ੍ਰਿਤਸਰ), ਰੂੜ ਸਿੰਘ (ਚੂਹੜਚਕ, ਫਿਰੋਜ਼ਪੁਰ), ਊਧਮ ਸਿੰਘ ਕਸੇਲ (ਅੰਮ੍ਰਿਤਸਰ, – ਪਿੱਛੋਂ ਕਾਬਲ ਵਿੱਚ ਸ਼ਹੀਦ ਹੋਏ), ਗੁਰਮੁੱਖ ਸਿੰਘ (ਲਲਤੋਂ, ਲੁਧਿਆਣਾ), ਸ਼ੇਰ ਸਿੰਘ (ਵੇਈਂ–ਪੋਈਂ, ਅੰਮ੍ਰਿਤਸਰ), ਮਦਨ ਸਿੰਘ ਗਾਗਾ (ਲਾਹੌਰ)।

6 ਹੋਰਨਾਂ ਨੂੰ ਥੋੜ੍ਹੀ ਮਿਆਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਤੇ ਬਾਕੀ ਰਿਹਾ ਕਰ ਦਿੱਤੇ ਗਏ। ਪਰ ਜੇਲ੍ਹ ਦੀ ਡਿਓੜੀ ਤੋਂ ਬਾਹਰ ਪੈਰ ਰੱਖਦਿਆਂ ਹੀ ਉਨ੍ਹਾਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਅਗਲੇ ਮੁਕੱਦਮੇ ਵਿੱਚ ਧਰ ਲਿਆ ਗਿਆ। ਇਨ੍ਹਾਂ ਵਿੱਚ ਗੁੱਜਰ ਸਿੰਘ ਸ਼ਾਮਿਲ ਸਨ ਜਿਨ੍ਹਾਂ ਨੂੰ ਪਿੱਛੋਂ ਉਮਰ ਕੈਦ ਕਾਲ਼ੇਪਾਣੀ ਦੀ ਸਜ਼ਾ ਹੋਈ।

ਫਾਂਸੀ ਦੀਆਂ ਸਜ਼ਾਵਾਂ ਪਾਉਣ ਵਾਲ਼ਿਆਂ 'ਚੋਂ ਕੋਈ 15 ਹਿੰਦੁਸਤਾਨ ਦੀ ਧਰਤੀ ਤੇ ਪੈਰ ਰੱਖਦੇ ਸਾਰ ਹੀ ਗ੍ਰਿਫਤਾਰ ਕਰ ਲਏ ਗਏ ਸਨ। ਬਾਕੀਆਂ ਵਿੱਚੋਂ ਵੀ ਕੇਵਲ ਤਿੰਨਾਂ ਦਾ ਹੀ ਹਥਿਆਰਬੰਦ ਟਾਕਰੇ ਵਿੱਚ ਹੋਈ ਇੱਕ ਪੁਲਸੀਏ ਦੀ ਮੌਤ ਨਾਲ਼ ਸਬੰਧ ਗਿਣਿਆ ਜਾ ਸਕਦਾ ਸੀ।

ਸਪੈਸ਼ਲ ਟਰੀਬੂਨਲ ਦੇ ਫੈਸਲਿਆਂ ਤੋਂ ਕੋਈ ਕਾਨੂੰਨੀ ਅਪੀਲ ਨਹੀਂ ਸੀ ਹੋ ਸਕਦੀ – ਤੇ ਬਹੁਤ ਘੱਟ ਵਾਇਸਰਾਏ ਨੂੰ ਰਹਿਮ ਦੀ ਅਪੀਲ ਕਰਨ ਲਈ ਤਿਆਰ ਹੋਏ। ਫਾਂਸੀ ਲੱਗਣ ਦਾ ਦਿਨ ਨੀਯਤ ਹੋ ਗਿਆ। ਰਿਸ਼ਤੇਦਾਰ ਅਖੀਰੀ ਮੁਲਾਕਾਤਾਂ ਕਰ ਗਏ। ਫ਼ਾਂਸੀ ਲੱਗਣ ਵਾਲ਼ਿਆਂ ਤੋਂ ਦੁਗਣੇ ਭਾਰ ਸੁੱਟ ਕੇ ਫਾਂਸੀ ਦੇ ਰੱਸੇ ਅਜ਼ਮਾਏ ਗਏ। ਅਗਲੇ ਦਿਨ ਸਵੇਰ ਸਾਰ ਹਰ ਕੋਠੜੀ ਸਾਹਮਣੇ ਪਾਣੀ ਦੀਆਂ ਬਾਲਟੀਆਂ ਰੱਖ ਦਿੱਤੀਆਂ ਗਈਆਂ। ਉਹ ਅਸ਼ਨਾਨ ਤੇ ਪੂਜਾ ਪਾਠ ਕਰਕੇ ਤਿਆਰ ਹੋ ਬੈਠੇ। ਹਰ ਇੱਕ ਸਭ ਤੋਂ ਪਹਿਲਾਂ ਫਾਂਸੀ ਦੇ ਰੱਸਿਆਂ ਨੂੰ ਚੁੰਮਣਾ ਚਾਹੁੰਦਾ ਸੀ। ਹਮਦਰਦੀ ਕਰਨ ਆਇਆਂ ਨੂੰ ਉਹ ਪੁੱਛਦੇ ਸਨ, **''ਆਪਣੇ ਦੇਸ਼ ਦੀ ਅਜ਼ਾਦੀ ਤੋਂ ਪਰ੍ਹੇ ਹੋਰ ਕਿਸ ਚੰਗੇਰੇ ਆਦਰਸ਼ ਲਈ ਇਨਸਾਨ ਆਪਣੀ ਜ਼ਿੰਦਗੀ ਵਾਰ ਸਕਦਾ ਹੈ ?''**

ਉਨ੍ਹਾਂ ਨੇ ਆਪਣਾ ਫਰਜ਼ ਪੂਰਾ ਕਰ ਦਿੱਤਾ ਸੀ ਤੇ ਹੁਣ ਚਾਈਂ ਚਾਈਂ ਮੌਤ ਦਾ ਇੰਤਜ਼ਾਰ ਕਰ ਰਹੇ ਸਨ – ਪਰ ਮੌਤ ਨਾ ਆਈ। ਅਗਲੀ ਸਵੇਰ ਨੂੰ ਸੁਪਰੀਟੈਂਡੈਂਟ ਨੇ ਉਨ੍ਹਾਂ ਨੂੰ ਦੱਸਿਆ ਕਿ ਫਾਂਸੀਆਂ ਰੋਕ ਦਿੱਤੀਆਂ ਗਈਆਂ ਸਨ।

ਇਹ ਉਡਵਾਇਰ–ਸ਼ਾਹੀ ਦਾ ਜ਼ਮਾਨ ਸੀ – ਇੱਕ ਪਾਸੇ ਅੰਨ੍ਹੇ ਹਕੂਮਤੀ ਜਬਰ ਤੇ ਦੂਜੇ ਪਾਸੇ ਜੁੱਤੀ–ਚੱਟ ਟੋਡੀ ਪੁਣੇ ਦਾ ਜ਼ਮਾਨਾ। ਸਰ ਸੁੰਦਰ ਸਿੰਘ ਮਜੀਠੀਆ ਤੇ ਸ: ਬ: ਗਜਨ ਸਿੰਘ ਦੀ ਅਗਵਾਈ ਹੇਠ ਟੋਡੀਆਂ ਨੇ ਬਿਆਨ ਦਿੱਤੇ ਕਿ ਗ਼ਦਰ ਇਨਕਲਾਬੀਆਂ ਨੇ ਸਰਕਾਰ ਨਾਲ਼ ਗੈਰ ਵਫ਼ਾਦਾਰੀ ਕਰਕੇ ਸਾਰੀ ਸਿੱਖ ਕੌਮ ਦੇ ਨਾਂ ਨੂੰ ਵੱਟਾ ਲਾਇਆ ਸੀ। ਉਨ੍ਹਾਂ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮਾਂ ਵੀ ਕੱਢਵਾ ਦਿੱਤਾ ਸੀ ਕਿ ਫਾਂਸੀਆਂ ਦੇ ਤਖ਼ਤਿਆਂ 'ਤੇ ਖੜ੍ਹੇ ਇਹ ਸੂਰਬੀਰ ਸਿੱਖ ਨਹੀਂ ਸਨ। ਪਰ ਸਾਧਾਰਨ ਸ਼ਹਿਰੀ ਦੀ ਜ਼ਮੀਰ ਇਨ੍ਹਾਂ ਵਹਿਸ਼ੀਆਨਾਂ ਸਜ਼ਾਵਾਂ ਵਿਰੁੱਧ ਕੰਬ ਉੱਠੀ ਸੀ ਤੇ ਸਭ ਪਾਬੰਦੀਆਂ ਤੇ ਸੈਂਸਰ–ਸ਼ਿਪ ਦੇ ਬਾਵਜੂਦ ਇਨ੍ਹਾਂ ਦੇ ਘਟਾਏ ਜਾਣ ਦੀ ਮੰਗ ਦਿਨੋ ਦਿਨ ਤਾਕਤ ਫੜਦੀ ਗਈ। ਅਖ਼ੀਰ 17 ਦੀਆਂ ਫਾਂਸੀਆਂ ਦੀਆਂ ਸਜ਼ਾਵਾਂ ਉਮਰ ਕੈਦ ਕਾਲ਼ੇ ਪਾਣੀ ਵਿੱਚ ਤਬਦੀਲ ਕਰ ਦਿੱਤੀਆਂ ਗਈਆਂ।

ਪਰ ਸੋਗ ਦੇ ਕਾਲ਼ੇ ਬੱਦਲ ਲਾਹੌਰ ਸੈਂਟਰਲ ਜੇਲ੍ਹ ਉੱਤੇ ਛਾਏ ਰਹੇ। ਸਾਧਾਰਨ ਇਨਕਲਾਬੀ ਕੈਦੀਆਂ ਦੀਆਂ ਅੱਖਾਂ ਵਿੱਚ ਵੀ ਅੱਥਰੂ ਨਹੀਂ ਸਨ ਰੁੱਕਦੇ। ਕਰਤਾਰ ਸਿੰਘ ਸਰਾਭਾ ਨੇ ਅਜੇ ਵੀ ਫਾਂਸੀ 'ਤੇ ਲਟਕਣਾ ਸੀ।

16 ਨਵੰਬਰ 1915 ਦੀ ਸਵੇਰ ਨੂੰ ਕਰਤਾਰ ਸਿੰਘ ਤੇ ਉਹਦੇ ਛੇ ਸਾਥੀ ਸਦੀਵੀ ਨੀਂਦੇ ਸੌਂ ਗਏ। ਉਹ ਹੱਸਦੇ ਤੇ ਗਾਉਂਦੇ ਫਾਂਸੀਆਂ 'ਤੇ ਚੜ੍ਹੇ ਸਨ ਤੇ ਆਪਣੇ ਜਲਾਦਾਂ ਨੂੰ ਦੱਸ ਗਏ ਸਨ ਕਿ ਹਿੰਦੁਸਤਾਨੀ ਇਨਕਲਾਬੀ ਕਿਵੇਂ ਆਪਣੀਆਂ ਜਾਨਾਂ ਵਾਰ ਸਕਦੇ

ਹਨ।

ਫਾਂਸੀ ਲੱਗਣ ਤੋਂ ਇੱਕ ਦਿਨ ਪਹਿਲਾਂ ਕਰਤਾਰ ਨੂੰ ਆਖ਼ਰੀ ਵਾਰ ਫੇਰ ਰਹਿਮ ਦੀ ਅਪੀਲ ਕਰਨ ਲਈ ਆਖਿਆ ਗਿਆ ਸੀ। **"ਜੇਕਰ ਮੈਨੂੰ ਇੱਕ ਤੋਂ ਵੱਧ ਵਾਰ ਜੀਊਂਣਾ ਮਿਲੇ, ਮੈਂ ਹਰ ਨਵੀਂ ਜ਼ਿੰਦ ਆਪਣੇ ਸੁਹਣੇ ਦੇਸ਼ ਤੋਂ ਵਾਰ ਸਕਦਾ ਹਾਂ।"** ਉਹਦਾ ਜਵਾਬ ਸੀ। ਉਹਦੇ ਜਲਾਦ ਇਸ ਨਿਡਰ ਸੂਰਬੀਰਤਾ ਤੇ ਇਨਕਲਾਬੀ ਦੇਸ਼-ਭਗਤੀ ਦੀ ਸ਼ਲਾਘਾ ਕੀਤੇ ਬਿਨਾਂ ਨਾ ਰਹਿ ਸਕੇ।

ਪੰਡਤ ਜਗਤ ਰਾਮ ਨੇ ਗਾਵਿਆ :-

ਸੰਨ 1972 ਮਾਹ ਮੱਘਰ ਦੂਸਰੀ, ਗ਼ਦਰ ਕੀ ਪਲਟਣ ਦਾ ਦਸਤਾ
ਮੁਕਤੀ ਕੋ ਜਾਤਾ ਹੈ ਆਜ।
ਹੈ ਜਗਾਇਆ ਹਿੰਦ ਕੋ ਕਰਤਾਰ ਤੇਰੀ ਮੌਤ ਨੇ, ਕਸਮ ਹਰ ਹਿੰਦੀ
ਤੇਰੇ ਖ਼ੂਨ ਕੀ ਖਾਤਾ ਹੈ ਆਜ।

ਡੀਫੈਂਸ ਆਫ ਇੰਡੀਆ ਐਕਟ ਹੇਠਾਂ ਖੜ੍ਹੇ ਕੀਤੇ ਗਏ ਸਪੈਸ਼ਲ ਟਰੀਬੂਨਲਾਂ ਨੇ ਕੁੱਲ 9 ਮੁਕੱਦਮੇ ਸੁਣੇ। ਪੰਜਾਬ, ਯੂ. ਪੀ., ਬੰਗਾਲ ਤੇ ਬਰਮਾ ਵਿੱਚ 28 ਇਨਕਲਾਬ-ਪਸੰਦ ਫਾਂਸੀ 'ਤੇ ਲਟਕਾਏ ਗਏ - ਤੇ ਕਈ ਗੁਣਾ ਹੋਰ ਉਮਰ ਕੈਦਾਂ ਕੱਟਣ ਲਈ ਕਾਲ਼ੇ ਪਾਣੀ ਭੇਜ ਦਿੱਤੇ ਗਏ। ਮਾਂਡਲੇ ਸਾਜਿਸ਼ ਕੇਸਾਂ ਵਿੱਚ ਡਾ: ਹਰਨਾਮ ਸਿੰਘ ਤੇ ਸੋਹਣ ਲਾਲ ਪਾਠਕ, ਚਾਰ ਹੋਰ ਸਾਥੀਆਂ ਸਮੇਤ ਫਾਂਸੀ ਲਾਏ ਗਏ। ਹਰਦਿੱਤ ਸਿੰਘ ਲੰਮੇ, ਕਪੂਰ ਸਿੰਘ ਮੋਹੀ, ਵੀਰ ਸਿੰਘ, ਬੁੱਢਾ ਸਿੰਘ, ਰਾਮ ਰਖਾ, ਬਾਬੂ ਅਮਰ ਸਿੰਘ ਤੇ ਹੋਰਨਾਂ ਨੂੰ ਉਮਰ ਕੈਦ ਕਾਲ਼ੇ ਪਾਣੀ ਦੀਆਂ ਸਜ਼ਾਵਾਂ ਹੋਈਆਂ। ਜਦ ਸੋਹਣ ਲਾਲ ਫਾਂਸੀ ਦੇ ਤਖ਼ਤੇ 'ਤੇ ਖੜੋਤਾ ਮੌਤ ਉਡੀਕ ਰਿਹਾ ਸੀ, ਉਹਨੂੰ ਆਖਰੀ ਵਾਰ ਗ਼ਲਤੀ ਮੰਨ ਕੇ ਮੁਆਫ਼ੀ ਮੰਗ ਲੈਣ ਲਈ ਆਖਿਆ ਗਿਆ। ਉਹ ਮੁਸਕਰਾ ਪਿਆ ਤੇ ਬੋਲਿਆ, **"ਅਨਿਆਂ ਤੇ ਜ਼ੁਲਮ ਤਾਂ ਸਾਰਾ ਤੁਹਾਡੇ ਵੱਲੋਂ ਹੋਇਆ ਹੈ, ਮੁਆਫ਼ੀ ਤੁਹਾਨੂੰ ਮੰਗਣੀ ਚਾਹੀਦੀ ਹੈ।"**

ਇਨ੍ਹਾਂ ਵੱਡੇ ਸਾਜਸ਼ੀ ਮੁਕਦੱਮਿਆਂ ਦੇ ਦੌਰਾਨ ਵਿੱਚ ਹੀ ਗ਼ਦਰ ਗੁਰੀਲਾ ਜਥਿਆਂ ਨਾਲ਼ ਝੱਟ ਮੁਕੱਦਮਾ, ਪਟ ਫਾਹੇ ਵਾਲ਼ਾ ਸਲੂਕ ਕੀਤਾ ਗਿਆ। ਕੋਈ 30 ਦੇ ਕਰੀਬ ਕੇਵਲ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੀ ਅੱਜ ਮੁਕੱਦਮਾ ਤੇ ਸਜ਼ਾ ਅਤੇ ਅਗਲੇ ਦਿਨ ਹੀ ਫਾਂਸੀਆਂ ਤੇ ਲਟਕਾਏ ਗਏ। ਇਨ੍ਹਾਂ ਦੀਆਂ ਲਾਸ਼ਾਂ ਤੱਕ ਵੀ ਵਾਰਸਾਂ ਨੂੰ ਨਾ ਦਿੱਤੀਆਂ ਗਈਆਂ। ਇਨ੍ਹਾਂ ਸ਼ਹੀਦਾਂ ਦੇ ਪਹਿਲੇ ਜਥੇ ਵਿੱਚ ਫਾਂਸੀ ਲੱਗਣ ਵਾਲ਼ਿਆਂ ਵਿੱਚ ਮਹਾਨ ਇਨਕਲਾਬੀ ਦੇਸ਼ ਭਗਤ ਪੰਡਤ ਕਾਂਸ਼ੀ ਰਾਮ ਸਨ।

ਕੈਨੇਡਾ ਵਿੱਚ ਗ਼ਦਰ ਪਾਰਟੀ ਦੇ ਆਗੂ ਬਲਵੰਤ ਸਿੰਘ ਨੂੰ ਸਿੰਘਾਪੁਰ ਜੇਲ੍ਹ ਵਿੱਚ ਫਾਂਸੀ ਹੋਈ ਤੇ ਡਾ: ਮਥਰਾ ਸਿੰਘ ਮਸ਼ਹਦ, ਈਰਾਨ ਦੇ ਬਰਤਾਨਵੀ ਸਫ਼ਾਰਤ ਖਾਨੇ ਵਿੱਚ ਸ਼ਹੀਦ ਹੋਏ।

ਸਰ ਮਾਈਕਲ ਉਡਵਾਇਰ, ਆਪਣੀ ਕਿਤਾਬ, "ਹਿੰਦੁਸਤਾਨ ਜਿਵੇਂ ਮੈਂ ਇਹਨੂੰ ਜਾਣਿਆ" ਵਿੱਚ ਲਿਖਦਾ ਹੈ, "175 ਮੁਲਜ਼ਮਾਂ ਨੂੰ ਵੱਡੀਆਂ ਸਾਜਸ਼ਾਂ ਦੇ ਮੁਕੱਦਮੇ ਸੁਣ

ਰਹੇ ਸਪੈਸ਼ਲ ਟਰੀਬੂਨਲਾਂ ਸਾਹਮਣੇ ਲਿਆਂਦਾ ਗਿਆ। ਹੋਰ ਵੱਖੋ-ਵੱਖ ਉਪਦਰਾਂ ਦੇ ਜੁਰਮਾਂ ਦੇ ਮੁਕੱਦਮੇ ਇਸ ਤੋਂ ਵੱਖ ਸਨ.....। 38 ਨੂੰ ਮੌਤ ਦੀ ਸਜ਼ਾ ਹੋਈ (ਪਿੱਛੋਂ 18 ਦੀ ਉਮਰ ਕੈਦ ਕਾਲ਼ੇ ਪਾਣੀ ਵਿੱਚ ਬਦਲ ਦਿੱਤੀ ਗਈ) 58 ਨੂੰ ਉਮਰ ਕੈਦ ਕਾਲ਼ੇ ਪਾਣੀ ਤੇ ਹੋਰ 58 ਨੂੰ ਘੱਟ ਮਿਆਦ ਲਈ ਕਾਲ਼ੇ ਪਾਣੀ ਜਾਂ ਕੈਦ ਦੀਆਂ ਸਜ਼ਾਵਾਂ ਹੋਈਆਂ।"

ਜਨਵਰੀ ਦੇ ਅਖ਼ੀਰ ਵਿੱਚ 130 ਬਲੂਚੀ ਰੈਜਮੈਂਟ ਨੇ ਰੰਗੂਨ ਵਿੱਚ ਗ਼ਦਰ ਕਰਨ ਦੀ ਨਾਕਾਮਯਾਬ ਕੋਸ਼ਿਸ਼ ਕੀਤੀ ਸੀ।

ਫਰਵਰੀ 1915 ਵਿੱਚ ਪੰਜਵੀਂ ਪਿਆਦਾ ਰੈਜਮੈਂਟ ਨੇ ਬਗ਼ਾਵਤ ਕਰਕੇ ਇੱਕ ਹਫਤਾ ਸਿੰਘਾਪੁਰ ਦੇ ਕਿਲ੍ਹੇ 'ਤੇ ਇਨਕਲਾਬੀ ਝੰਡਾ ਉਡਾਈ ਰੱਖਿਆ। ਅੰਗਰੇਜ਼ ਕੇਵਲ ਜਾਪਾਨੀ ਅਤੇ ਜ਼ਾਰਸ਼ਾਹੀ ਰੂਸੀ ਜਹਾਜ਼ 'ਤੇ ਫੌਜਾਂ ਦੀ ਸਹਾਇਤਾ ਨਾਲ਼ ਹੀ ਇਸ ਬਗ਼ਾਵਤ 'ਤੇ ਕਾਬੂ ਪਾ ਸਕੇ। ਸੈਂਕੜੇ ਗੋਲ਼ੀਆਂ ਨਾਲ਼ ਉਡਾ ਦਿੱਤੇ ਗਏ।

ਇਸ ਤੋਂ ਵੱਖ ਆਮ ਅਦਾਲਤਾਂ ਵਿੱਚ ਵੀ ਮੁਕੱਦਮੇ ਚੱਲੇ ਤੇ ਫੌਜੀਆਂ ਦੇ ਕੋਰਟ ਮਾਰਸ਼ਲ ਵੀ ਹੋਏ। ਗ਼ਦਰ ਬਗ਼ਾਵਤ ਵਿੱਚ ਹਿੱਸਾ ਲੈਣ ਵਾਲ਼ੇ ਕਈ ਫੌਜੀਆਂ ਨੂੰ ਮੇਰਠ ਵਿੱਚ ਗੋਲ਼ੀ ਮਾਰ ਦਿੱਤੀ ਗਈ ਤੇ ਸੱਤਵੀਂ ਰਾਜਪੂਤ ਰੈਜਮੈਂਟ ਦੇ ਕੁੱਝ ਫੌਜੀ ਦਿੱਲੀ ਵਿੱਚ ਫਾਂਸੀ ਲਾਏ ਗਏ। ਰਸਾਲਾ ਨੰਬਰ 23 ਦੇ 12 ਫੌਜੀ, ਹਵਾਲਦਾਰ ਲਛਮਣ ਸਿੰਘ ਦੀ ਅਗਵਾਈ ਹੇਠ ਅੰਬਾਲਾ ਜੇਲ੍ਹ ਵਿੱਚ ਸ਼ਹੀਦ ਹੋਏ। ਨੰਦ ਸਿੰਘ ਬੁਰਜ, ਨਥਾ ਸਿੰਘ ਦੋਦੀਆਂ ਤੇ ਹੋਰਨਾਂ ਨੂੰ ਉਮਰ ਕੈਦ ਕਾਲ਼ੇ ਪਾਣੀ ਦੀਆਂ ਸਜ਼ਾਵਾਂ ਹੋਈਆਂ। ਸ਼ਹੀਦਾਂ ਵਿੱਚ ਇੱਕੋ ਇੱਕ ਮੁਸਲਮਾਨ ਮੁਲਜ਼ਮ ਅਬਦੁਲਾ ਸੀ, ਸੀ. ਆਈ. ਡੀ. ਨੇ ਉਹਨੂੰ ਆਪਣੇ 'ਕਾਫ਼ਰ' ਸਾਥੀਆਂ ਨਾਲ਼ ਗ਼ੱਦਾਰੀ ਲਈ ਮਨਾਉਣ ਵਾਸਤੇ ਆਪਣਾ ਸਾਰਾ ਟਿਲ ਲਾਇਆ। ਪਰ ਅਬਦੁਲਾ ਦਾ ਇੱਕੋ ਜਵਾਬ ਸੀ "ਕੇਵਲ ਇਨ੍ਹਾਂ ਸਾਥੀਆਂ ਨਾਲ਼ ਜ਼ਿੰਦਗੀ ਦਿੱਤਿਆਂ ਹੀ ਬਹਿਸ਼ਤ ਦੇ ਦਰਵਾਜ਼ੇ ਮੇਰੇ ਲਈ ਖੁੱਲ੍ਹਣਗੇ।"

ਗ਼ਦਰ ਪਾਰਟੀ ਦੀ ਬਗ਼ਾਵਤ ਨਾਕਾਮਯਾਬ ਰਹੀ। ਇੱਕ ਵਾਰ ਪੰਜਾਬੀਆਂ ਦੇ ਲਹੂ ਨਾਲ਼ ਹੋਲੀ ਖੇਡੀ ਗਈ। ਅਣਗਿਣਤ ਬੰਦੇ ਫਾਂਸੀਆਂ ਉੱਤੇ ਤੇ ਗੋਲ਼ੀਆਂ ਸਾਹਮਣੇ ਸ਼ਹੀਦ ਹੋਏ। ਉਨ੍ਹਾਂ ਸੂਰਬੀਰਾਂ ਵਾਂਗ ਆਪਣੀਆਂ ਜਾਨਾਂ ਵਾਰੀਆਂ ਸਨ - ਪਰ ਕੋਈ ਉਨ੍ਹਾਂ ਦੀ ਮੌਤ 'ਤੇ ਗੀਤ ਗਾਉਣ ਤੇ ਅੱਥਰੂ ਡੋਲਣ ਵਾਲ਼ਾ ਨਹੀਂ ਸੀ।

ਜਿਸ ਸਮੇਂ ਹਿੰਦੁਸਤਾਨ ਦੀ ਕੌਮੀ ਲਹਿਰ ਦੇ ਆਗੂ ਕਾਂਗਰਸੀ ਕੇਵਲ ਬਰਤਾਨਵੀ ਨੌਂ ਆਬਾਦੀਆਂ ਦੇ ਨਮੂਨੇ ਤੇ ਖ਼ੁਦ-ਮੁਖਤਾਰੀ ਦੀਆਂ ਗੱਲਾਂ ਕਰਦੇ ਸਨ, ਗ਼ਦਰ ਪਾਰਟੀ ਦੇ ਇਨਕਲਾਬੀਆਂ ਨੇ ਪਹਿਲੀ ਵਾਰ ਪੂਰਨ ਅਜ਼ਾਦੀ ਅਤੇ ਸਾਮਰਾਜ ਵਿਰੋਧੀ ਹਥਿਆਰਬੰਦ ਬਗ਼ਾਵਤ ਦਾ ਝੰਡਾ ਉੱਚਾ ਕਰਨ ਦਾ ਹੀਆ ਕੀਤਾ ਸੀ।

ਬਗ਼ਾਵਤ ਲਹੂ ਵਿੱਚ ਡਬੋ ਦਿੱਤੀ ਗਈ - ਪਰ ਲੱਖਾਂ ਪੰਜਾਬੀਆਂ ਦੇ ਦਿਲਾਂ ਵਿੱਚ ਆਜ਼ਾਦੀ ਦੀ ਲੋਅ ਜਗ ਚੁੱਕੀ ਸੀ। ਫਾਂਸੀਆਂ ਦੇ ਰੱਸਿਆਂ ਨੂੰ ਗਲਵੱਕੜੀਆਂ ਪਾ ਰਹੇ ਗ਼ਦਰ ਪਾਰਟੀ ਦੇ ਸੂਰਬੀਰ ਦੁਆਲ਼ੇ ਨਜ਼ਰ ਮਾਰ ਕੇ ਅਜੇ ਵੀ ਮਾਣ ਨਾਲ਼ ਕਹਿ ਸਕਦੇ ਸਨ, "ਸੁਤੰਤਰਤਾ, ਤੇਰਾ ਝੰਡਾ ਭਾਵੇਂ ਪਾਟਿਆ ਹੋਇਆ ਹੈ ਪਰ ਹਾਲੀਂ ਬਿਜਲੀਆਂ

ਕੜਕਾਂਦਾ ਹਵਾ ਵਿੱਚ ਲਹਿਰਾ ਰਿਹਾ ਹੈ।"

## ਅੰਡੇਮਾਨ ਵਿਚ

10 ਦਸੰਬਰ 1915 ਦੀ ਸ਼ਾਮ ਨੂੰ ਹੱਥਕੜੀਆਂ ਬੇੜੀਆਂ ਨਾਲ਼ ਲੱਦੇ 18 ਬੰਦੇ ਦੋ ਦੋ ਦੀਆਂ ਜੋੜੀਆਂ ਵਿੱਚ 'ਐਸ. ਐਸ. ਮਹਾਰਾਜਾ' ਨਾਮੀ ਜਹਾਜ਼ ਤੋਂ ਪੋਰਟ ਬਲੇਅਰ ਅੰਡੇਮਾਨ ਵਿੱਚ ਉੱਤਰੇ। ਉਨ੍ਹਾਂ ਵਿੱਚ ਚਿੱਟਾਦਾੜ੍ਹੀਏ ਬਜ਼ੁਰਗ ਵੀ ਸਨ ਤੇ ਬਾਈ ਤੇਈ ਸਾਲਾਂ ਦੇ ਨੌਜਵਾਨ ਵੀ। ਕਾਨੂੰਨੀ ਤੌਰ 'ਤੇ 50 ਸਾਲ ਤੋਂ ਉੱਤੇ ਉਮਰ ਵਾਲ਼ੇ ਕਿਸੇ ਕੈਦੀ ਨੂੰ ਵੀ ਅੰਡੇਮਾਨ ਨਹੀਂ ਸੀ ਭੇਜਿਆ ਜਾ ਸਕਦਾ। ਪਰ ਘੱਟੋ ਘੱਟ ਇਸ ਵਾਰੀ ਕਾਨੂੰਨ ਦੇ ਮੁਹਾਫਜ਼ਾਂ ਨੇ ਅਜਿਹੇ ਕਾਨੂੰਨਾਂ ਦੀ ਕੋਈ ਪ੍ਰਵਾਹ ਨਹੀਂ ਸੀ ਕੀਤੀ ਜਾਪਦੀ। ਇਹ ਪਹਿਲੇ ਲਾਹੌਰ ਸਾਜਿਸ਼ ਕੇਸ ਦੇ 'ਖ਼ਤਰਨਾਕ' ਮੁਜ਼ਰਮਾਂ ਦਾ ਪਹਿਲਾ ਜੱਥਾ ਸੀ।

ਜੇਲ੍ਹ ਦੇ ਦਰਵਾਜ਼ੇ ਉੱਤੇ ਉਨ੍ਹਾਂ ਨੂੰ ਜੇਲ੍ਹਰ ਉਡੀਕ ਰਿਹਾ ਸੀ। ਉਹਨੇ ਆਪਣੀ ਤਾਕਤ ਵਿੱਚ ਅਗਲੇ 20 ਸਾਲਾਂ ਲਈ ਦਿੱਤੇ ਗਏ ਇਨ੍ਹਾਂ ਨਵੇਂ ਬੰਦਿਆਂ ਨੂੰ ਵੇਖਦੇ ਹੀ ਤਾਅਨਾ ਮਾਰਿਆ, "ਰਾਜ ਲੇਣੇ ਵਾਲ਼ਾ ਲੋਗ ਰਾਜ ਮਾਂਗਟਾ ਰਾਜ? ਰਾਜ ਨਹੀਂ ਕੋਲੂ ਡੇਗਾ।" ਥੱਕੇ ਟੁੱਟੇ ਕੈਦੀ ਵੀ ਕੁੱਝ ਚਿਰ ਤੋਂ ਇਸ ਗੋਲ ਮੋਟੇ ਬੰਦੇ ਵੱਲ ਤੱਕ ਕੇ ਮੁਸਕਰਾ ਰਹੇ ਸਨ – ਹੁਣ ਚਿੜਚਿੜਾ ਕੇ ਹੱਸ ਪਏ। ਹੈਂ! ਅੰਡੇਮਾਨ ਟਾਪੂਆਂ ਦੇ ਬਾਦਸ਼ਾਹ ਦਾ ਪਹਿਲੇ ਦਿਨ ਹੀ ਇਹ ਅਪਮਾਨ! ਜੇਲਰ ਬੈਰੀ ਲਾਲ ਭਬੂਕਾ ਹੋਇਆ, ਗੁੱਸੇ ਨਾਲ਼ ਕੰਬ ਰਿਹਾ ਸੀ। ਹਾਂ, ਹਕੂਮਤ ਹਿੰਦ ਦੇ ਹੁਕਮ ਠੀਕ ਸਨ। ਸੱਚ ਮੁੱਚ ਹੀ ਇਨ੍ਹਾਂ ਬੰਦਿਆਂ ਨੂੰ ਸਿੱਧੇ ਕਰਨ ਦੀ ਲੋੜ ਸੀ।

18 ਕੈਦੀਆਂ ਨੂੰ ਤਿੰਨ ਮੰਜ਼ਲੇ ਅੰਡੇਮਾਨ ਜੇਲ੍ਹ ਦੇ ਸੱਤ ਬਲਾਕਾਂ ਦੀਆਂ 740 ਕੋਠੜੀਆਂ ਵਿੱਚ ਵੰਡ ਦਿੱਤਾ ਗਿਆ।

ਕੈਦੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਅੰਡੇਮਾਨ ਇੱਕ ਨਰਕ ਸੀ। ਉਨ੍ਹਾਂ ਅੱਗੇ ਹੀ ਡੱਟ ਕੇ ਟਾਕਰਾ ਕਰਨ ਦੀਆਂ ਸਹੁੰਆਂ ਖਾਧੀਆਂ ਹੋਈਆਂ ਸਨ।

ਪਹਿਲੇ ਦਿਨ ਹੀ ਉਨ੍ਹਾਂ ਨੂੰ ਕਾਲ਼ੇ ਪਾਣੀ ਦੀ ਸਭ ਤੋਂ ਦੋਜ਼ਖੀ ਮੁਸ਼ੱਕਤ ਕੋਹਲੂ ਨਾਲ਼ ਜੋਤਣ ਦਾ ਹੁਕਮ ਦਿੱਤਾ ਗਿਆ। ਕੈਦੀਆਂ ਨੇ ਇਨਕਾਰ ਕਰ ਦਿੱਤਾ। "ਅਸੀਂ ਕੈਦ ਕੱਟਣ ਆਏ ਹਾਂ, ਖੁਦਕੁਸ਼ੀ ਨਹੀਂ।" ਉਨ੍ਹਾਂ ਆਖਿਆ, ਜੇਲ੍ਹਰ ਮੁਸਕਰਾ ਪਿਆ ਤੇ ਉਨ੍ਹਾਂ ਨੂੰ ਇੱਕ ਹੋਰ ਸੌਖੀ ਮੁਸ਼ੱਕਤ ਦੇ ਦਿੱਤੀ। ਹਰ ਇੱਕ ਦੇ ਜ਼ਿੰਮੇ ਹੁਣ ਨਾਰੀਅਲ ਦਾ ਨੌਂ ਛਟਾਂਕ ਰਸਾ ਵੱਖ ਕਰਨਾ ਸੀ। ਜੇਲ੍ਹਰ ਜਾਣਦਾ ਸੀ ਕਿ ਉਹ ਇਹ ਕਦੇ ਵੀ ਨਹੀਂ ਕਰ ਸਕਣਗੇ – ਤੇ ਇਹੋ ਹੋਇਆ। ਨੌਜਵਾਨ ਪਰਮਾ ਨੰਦ ਝਾਂਸੀ ਦੀ ਪੇਸ਼ੀ ਹੋ ਗਈ। ਉਹਦੇ ਮੂੰਹ 'ਤੇ ਕਾਲ਼ੇ ਪਾਣੀ ਦੀ ਦੋਜ਼ਖੀ ਜ਼ਿੰਦਗੀ ਨੂੰ ਚੈਲੇਂਜ ਕਰ ਰਹੀ ਸਦਾ ਖਿੜੀ ਮੁਸਕਰਾਹਟ ਨੂੰ ਜੇਲ੍ਹਰ ਬੈਰੀ ਕਦੇ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਹ ਨਾਰਾਜ਼ ਹੋ ਕੇ ਗਾਲ੍ਹਾਂ ਕੱਢਣ ਲੱਗ ਪਿਆ ਤੇ ਜਲਦੀ ਹੀ ਥੱਪੜ ਮਾਰਨ ਲਈ ਹੱਥ ਵੀ ਚੁੱਕ ਲਿਆ। ਪਰਮਾਨੰਦ ਨੇ ਆਪਣੇ ਬਚਾਅ ਦੀ

ਕੋਸ਼ਿਸ਼ ਕਰਦਿਆਂ ਇੱਕ ਟਿਕਾ ਦਿੱਤੀ। ਬਸ ਫੇਰ ਕੀ ਸੀ, ਸਾਰੇ ਜੇਲ੍ਹ ਵਿੱਚ ਰੌਲ਼ਾ ਪੈ ਗਿਆ। ਵਾਰਡਰ ਦੌੜੇ ਆਏ ਤੇ ਉਹਨੂੰ ਮਾਰ-ਮਾਰ ਕੇ ਬੇਹੋਸ਼ ਕਰਨ ਪਿੱਛੋਂ ਇੱਕ ਕੋਠੜੀ ਵਿੱਚ ਸੁੱਟ ਦਿੱਤਾ ਗਿਆ।

ਅਗਲੇ ਦਿਨ ਜਦ ਸਾਰੀ ਜੇਲ੍ਹ ਪਰਮਾਨੰਦ ਝਾਂਸੀ ਨੂੰ ਸਲਾਹ ਰਹੀ ਸੀ, ਉਹਦੇ ਲਹੂ ਨਾਲ਼ ਲਿਬੜੇ ਤੇ ਪਾਟੇ ਹੋਏ ਕੱਪੜਿਆਂ ਨਾਲ਼ ਢੱਕੇ ਜਿਸਮ ਨੂੰ ਕੋਠੜੀ 'ਚੋਂ ਬਾਹਰ ਲਿਆਂਦਾ ਗਿਆ ਤੇ ਸੁਪਰੀਟੈਂਡੈਂਟ ਮੇਜਰ ਮਰੇ ਦੇ ਹੁਕਮ ਅਨੁਸਾਰ ਬੈਂਤ ਮਾਰੇ ਗਏ।

ਉਹਦੇ ਸਾਥੀਆਂ ਨੇ ਕੰਮ ਦੀ ਹੜਤਾਲ ਕਰ ਦਿੱਤੀ। ਹੁਣ ਟਾਪੂਆਂ ਦਾ ਚੀਫ਼ ਕਮਿਸ਼ਨਰ ਆਇਆ ਪਰ ਸ਼ਿਕਾਇਤਾਂ ਦੀ ਥਾਂ ਉਹਨੇ ਵੀ ਹਰ ਇੱਕ ਨੂੰ ਬੈਂਤਾਂ ਨਾਲ ਉਡਾਉਣ ਦੀਆਂ ਧਮਕੀਆਂ ਹੀ ਦਿੱਤੀਆਂ। ਹਰ ਕੈਦੀ ਦੇ ਟਿਕਟ ਤੇ ਲਿਖ ਦਿੱਤਾ ਗਿਆ, "6 ਮਹੀਨੇ ਇਕੱਲਿਆਂ ਕੈਦ, ਡੰਡਾ ਬੇੜੀ, ਸਜ਼ਾ ਵਾਲ਼ੀ ਖੁਰਾਕ ਤੇ ਇੱਕ ਹਫਤੇ ਲਈ ਖੜ੍ਹੀ ਹੱਥਕੜੀ।" - ਸੰਗਰਾਮ ਸ਼ੁਰੂ ਹੋ ਗਿਆ।

ਨਾਕਾਮਯਾਬ ਗ਼ਦਰ ਬਗ਼ਾਵਤ ਦੇ ਹੋਰ ਮੁਕੱਦਮਿਆਂ ਦੇ ਕੈਦੀ ਹੁਣ ਅੰਡੇਮਾਨ ਪਹੁੰਚ ਗਏ ਤੇ ਸ਼ੁਰੂ ਹੋ ਚੁੱਕੀ ਜਦੋ-ਜਹਿਦ ਵਿੱਚ ਕੁੱਦ ਪਏ। ਪਰ ਬੈਰੀ ਤੇ ਮਰੇ ਨੂੰ ਏਦੂੰ ਕਿਤੇ ਤਕੜੇ ਤੇ ਹਠੀ ਬੰਦਿਆਂ ਨੂੰ ਮਾਰ-ਮੁਕਾਉਣ ਦਾ ਦਾਅਵਾ ਸੀ - ਸੰਗਰਾਮ ਜਾਰੀ ਰਿਹਾ। ਜਾਣ ਬੁੱਝ ਕੇ ਕੈਦੀਆਂ ਨੂੰ ਭੁੱਖੇ ਰੱਖਣ ਦੀ ਕੋਸ਼ਿਸ਼ ਕੀਤੀ ਗਈ, ਬੀਮਾਰਾਂ ਦੀ ਦੇਖ ਭਾਲ਼ ਬੰਦ ਹੋ ਗਈ ਤੇ ਪਿਆਸਿਆਂ ਨੂੰ ਪਾਣੀ ਤੱਕ ਤੋਂ ਇਨਕਾਰ ਕੀਤਾ ਗਿਆ। ਸੰਤ ਸੁਭਾਉ ਵਾਲ਼ੇ ਤੇ ਬਾਣੀ ਦੇ ਰਸੀਏ ਵਸਾਖਾ ਸਿੰਘ ਜੀ ਵੀ "ਅੰਡੇਮਾਨ ਤਿੰਨ ਜਾਬਰਾਂ" ਵਿਰੁੱਧ ਗਾ ਉੱਠੇ-

ਅੰਡੇਮਾਨ ਦੇ ਵਿੱਚ ਸੀ ਡਾਕੂ ਤਿੰਨ ਵੱਡੇ
*ਸੀ. ਸੀ. ਮਰੇ ਤੇ ਬੈਰੀ ਪਛਾਮ ਤਿੰਨੇ
ਰਹੇ ਖ਼ੂਨ ਨਚੋੜ ਸੀ ਕੈਦੀਆਂ ਦਾ
ਇੱਕ ਦੂਸਰੇ ਤੋਂ ਬੇਈਮਾਨ ਤਿੰਨੇ
ਜੋ ਚਾਹੁੰਦੇ ਜ਼ੁਲਮ ਸੀ ਕਰੀ ਜਾਂਦੇ
ਬੇ ਰਹਿਮ ਬੇ ਤੁਖ਼ਮ ਸ਼ੈਤਾਨ ਤਿੰਨੇ
ਅੱਖੀਂ ਵੇਖਿਆ ਸੱਚ 'ਵੇਸਾਖ' ਲਿਖਦਾ
ਜਾਨ ਕੈਦੀਆਂ ਦੀ ਓਥੇ ਖਾਨ ਤਿੰਨੇ।

ਹਕੂਮਤ ਹਿੰਦ ਨੂੰ ਵੀ ਇਸ ਸੰਗਰਾਮ ਦੀ ਖ਼ਬਰ ਪਹੁੰਚ ਗਈ। ਦਿੱਲੀ ਦੇ ਬੜੇ ਸਾਹਬਾਂ ਨੂੰ ਅੰਡੇਮਾਨ ਦੇ ਬੈਰੀਆਂ ਤੇ ਮਰੇਆਂ ਤੋਂ ਰਿਪੋਰਟਾਂ ਆਉਂਦੀਆਂ ਸਨ। ਉਨ੍ਹਾਂ ਸੂਰਬੀਰਾਂ ਗ਼ਦਰ ਇਨਕਲਾਬੀਆਂ ਨੂੰ "ਭੇੜੀਆਂ ਦਾ ਗਰੋਹ" ਆਖ ਆਪਣੀ ਜ਼ਮੀਰ ਨੂੰ ਸੌਖਿਆਂ ਕਰ ਲਿਆ ਤੇ ਸਮਝੇ ਮਾਮਲਾ ਖ਼ਤਮ ਹੋ ਗਿਆ। ਉਹ ਕੋਈ ਮੁਦਾਖ਼ਲਤ ਕਰਨ ਨੂੰ ਤਿਆਰ ਨਹੀਂ ਸਨ।

ਅੰਡੇਮਾਨ ਵਿੱਚ ਜਬਰ ਦਾ ਚੱਕਰ ਹੋਰ ਵੀ ਤੇਜ਼ ਹੋ ਗਿਆ। ਹੋਰ ਗੋਰੇ ਫੌਜੀ ਮੰਗਵਾ

---

* ਸੀ. ਸੀ. ਚੀਫ਼ ਕਮਿਸ਼ਨਰ ਨੂੰ ਕਿਹਾ ਗਿਆ ਹੈ, ਮਰੇ ਸੁਪਰੀਟੈਂਡੈਂਟ ਮੇਜਰ ਸੀ ਤੇ ਬੈਰੀ ਜੇਲਰ।

ਕੇ ਜੇਲ੍ਹ ਦੇ ਸਟਾਫ ਤੇ 'ਡਿਸਿਪਲਿਨ' ਨੂੰ ਤਕੜਿਆਂ ਕੀਤਾ ਗਿਆ। ਐਤਵਾਰ ਨੂੰ ਛੁੱਟੀ ਵਾਲ਼ੇ ਦਿਨ ਕੰਮ ਕਰਨੋਂ ਇਨਕਾਰ ਕਰਨਾ "ਹੁਕਮ ਅਦੂਲੀ" ਸਮਝਿਆ ਜਾਂਦਾ ਸੀ। ਬੇ-ਇਨਸਾਫ਼ੀ ਦੀ ਸ਼ਿਕਾਇਤ ਕਰਨਾ, "ਜ਼ਿੰਮੇਵਾਰ ਜੇਲ੍ਹ ਅਫਸਰਾਂ ਵਿਰੁੱਧ ਭੈੜੀ ਨੀਅਤ ਨਾਲ਼ ਬੇਬੁਨਿਆਦ ਤੁਹਮਤਾਂ" ਲਾਉਣਾ ਸੀ। ਸਾਬਣ ਤੇ ਨਲਕੇ ਦਾ ਪਾਣੀ ਨਾ ਮਿਲਣ ਕਰਕੇ, ਕਿਸੇ ਦੇਸੀ ਚੀਜ਼ ਨਾਲ਼ ਕੇਸ ਧੋਣੇ "ਜੇਲ੍ਹ ਦੇ ਡਿਸਿਪਲਿਨ ਨੂੰ ਤੋੜਨਾ ਸੀ" ਅਤੇ ਹਰ ਅਜਿਹੀ ਗੱਲ ਲਈ ਸਜ਼ਾ ਦਿੱਤੀ ਜਾਂਦੀ ਸੀ। ਹੱਥਕੜੀਆਂ ਤੇ ਬੇੜੀਆਂ, ਟਾਟ ਵਰਦੀ, ਇਕੱਲਿਆਂ ਕੈਦੀ, ਰੋਟੀ ਤੇ ਪਾਣੀ ਦੀ ਖ਼ੁਰਾਕ – ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਹਿੱਸਾ ਬਣ ਗਏ। ਕੈਦੀ ਜਾਣਦੇ ਸਨ ਕਿ ਅਸ਼ਤੋਸ਼ ਲਹਿਰੀ ਵਰਗਿਆਂ ਦੀਆਂ ਨਰੋਈਆਂ ਸਿਹਤਾਂ ਪਹਿਲਾਂ ਬੜੇ ਢੰਗਾਂ ਨਾਲ਼ ਤਬਾਹ ਕੀਤੀਆਂ ਗਈਆਂ ਸਨ – ਤੇ ਹੁਣ ਉਨ੍ਹਾਂ ਨੂੰ ਪੂਰੀ ਮੁਸ਼ੱਕਤ ਨਾ ਦੇਣ ਦੇ ਜੁਰਮ ਵਿੱਚ ਬਿਨਾਂ ਕਿਸੇ ਝਿਜਕ ਦੇ ਬੈਂਤਾਂ ਨਾਲ਼ ਉਡਾਇਆ ਜਾਂਦਾ ਸੀ। ਉਹ ਆਪ ਅਜਿਹੀ ਕਿਸਮਤ ਦਾ ਸ਼ਿਕਾਰ ਨਹੀਂ ਸਨ ਹੋਣਾ ਚਾਹੁੰਦੇ। ਉਹ ਕਚੀਚੀਆਂ ਵੱਟ ਕੇ ਹੋਰ ਵੀ ਵਧੇਰੇ ਦ੍ਰਿੜ੍ਹਤਾ ਨਾਲ ਲੜਦੇ ਗਏ।

ਹੁਣ ਸੱਠਾਂ ਸਾਲਾਂ ਤੋਂ ਉੱਤੇ ਦੇ ਬਜ਼ੁਰਗ ਬਾਬਾ ਭਾਨ ਸਿੰਘ ਜੀ ਦੀ ਮੌਤ ਹੋ ਗਈ। ਉਨ੍ਹਾਂ ਨੂੰ ਲਾਠੀਆਂ ਨਾਲ਼ ਕੁੱਟਿਆ ਗਿਆ ਸੀ ਤੇ ਦੋ ਦਿਨ ਪਿੱਛੋਂ ਹੀ ਉਹ ਸ਼ਹੀਦ ਹੋ ਗਏ। ਹੋਰ ਸੂਰਬੀਰ ਮੋਰਚਿਆਂ ਉੱਤੇ ਆਪਣੀਆਂ ਜਾਨਾਂ ਨਾਲ ਖੇਡਣ ਲੱਗੇ।

ਬੁੱਢਾ ਸਿੰਘ, ਰਾਮਰਖਾ, ਰੁਲੀਆ ਸਿੰਘ, ਨੰਦ ਸਿੰਘ, ਕੇਹਰ ਸਿੰਘ, ਨੱਥਾ ਸਿੰਘ, ਰੋੜਾ ਸਿੰਘ – ਇੱਕ ਤੋਂ ਬਾਅਦ ਦੂਜਾ ਸ਼ਹੀਦ ਹੋ ਗਏ। ਪਰ ਆਪਣੀ ਜਨਤਾ ਤੋਂ ਦੂਰ ਤੇ ਉਹਦੇ ਭੁਲਾਏ ਹੋਏ, ਇਹ ਇਨਕਲਾਬੀ ਜੋਧੇ ਕੰਧ ਨਾਲ਼ ਪਿੱਠਾਂ ਲਾ ਕੇ ਸੰਗਰਾਮ ਕਰਦੇ ਗਏ।

ਇਸ ਤਰ੍ਹਾਂ ਲੜਦਿਆਂ ਹੀ 5 ਸਾਲ ਲੰਘ ਗਏ। ਸੋਹਣ ਸਿੰਘ ਭਕਨਾ ਹੋਰਾਂ ਨੂੰ ਤਿੰਨ ਵਾਰ ਭੁੱਖ ਹੜਤਾਲ ਕਰਨੀ ਪਈ। ਪ੍ਰਿਥਵੀ ਸਿੰਘ 155 ਦਿਨ ਭੁੱਖੇ ਰਹੇ ਤੇ 20 ਮਹੀਨੇ ਇਕੱਲੇ ਕੈਦ ਕੱਟੀ। ਜਵਾਲਾ ਸਿੰਘ ਜੀ ਨੇ ਕਈ ਸਾਲ ਪਿੰਜਰਿਆਂ ਵਿੱਚ ਗੁਜ਼ਾਰੇ ਤੇ ਰੂੜ ਸਿੰਘ ਜੀ ਹਫਤਿਆਂ ਬੱਧੀਂ ਕੰਧਾਂ ਨਾਲ਼ ਜਕੜੇ ਖੜੇ ਰਹੇ। ਹਰ ਸੰਗਰਾਮ ਵਿੱਚ ਮੋਹਰੀ, ਨੌਜਵਾਨ ਗੁਰਮੁੱਖ ਸਿੰਘ ਨੇ ਇਹ ਸਾਰੇ ਅਕਹਿ ਤੇ ਅਸਹਿ ਅੱਤਿਆਚਾਰ ਸਹੇ ਪਰ ਈਨ ਨਾ ਮੰਨੀ। ਅੰਡੇਮਾਨ ਜੇਲ੍ਹ ਦੀਆਂ ਵੱਖੋ-ਵੱਖ ਕੋਠੜੀਆਂ ਵਿੱਚ ਬੰਦ, ਇਨ੍ਹਾਂ ਸਾਰੇ ਬਹਾਦਰਾਂ ਨੇ ਜਦੋ-ਜਹਿਦ ਜਾਰੀ ਰੱਖੀ – ਸਾਰਿਆਂ ਨੇ ਤਸੀਹੇ ਝੱਲੇ। ਇਹ ਇੱਕ ਇਨਸਾਨੀ ਤਾਕਤੋਂ ਬਾਹਰੀ ਬਰਦਾਸ਼ਤ, ਕੁਰਬਾਨੀ ਤੇ ਬੇ-ਮਿਸਾਲ ਸੂਰਬੀਰਤਾ ਦਾ ਕਾਰਨਾਮਾ ਸੀ।

ਸਾਰੀ ਜੇਲ੍ਹ ਇਨ੍ਹਾਂ ਮੁੱਠੀ ਭਰ ਬੰਦਿਆਂ ਨੂੰ ਆਪਣੀਆਂ ਜਾਨਾਂ ਹਥੇਲੀ 'ਤੇ ਰੱਖ ਕੇ, ਅੰਡੇਮਾਨ ਦੇ ਕੁੰਭੀ ਨਰਕ, ਦੋ ਤਿੰਨ ਜਾਬਰ ਹਾਕਮਾਂ ਨਾਲ਼ ਟੱਕਰ ਲੈਂਦਿਆਂ ਵੇਖ ਕੇ ਪੁਕਾਰ ਉੱਠੀ, "ਸ਼ਾਬਾਸ਼, ਬੰਬਵਾਲਾ।"

ਅਖੀਰ ਫ਼ਤਿਹ ਦਾ ਦਿਨ ਆਇਆ। ਕੁੱਝ ਪੰਜਾਬੀ ਫੌਜੀਆਂ ਰਾਹੀਂ ਖ਼ਬਰ ਹਿੰਦੁਸਤਾਨ ਪਹੁੰਚੀ। ਸਾਰੇ ਦੇਸ਼ ਵਿੱਚ ਸਾਮਰਾਜ ਵਿਰੁੱਧ ਪ੍ਰੋਟੈਸਟ ਦਾ ਤੂਫ਼ਾਨ ਉੱਠਿਆ। ਅੰਡੇਮਾਨ

ਜੇਲ੍ਹ ਤੋੜਨੀ ਪਈ।

ਜੁਲਾਈ 1921 ਨੂੰ ਗ਼ਦਰ ਇਨਕਲਾਬੀਆਂ ਨੇ ਫੇਰ ਵਤਨਾਂ ਵੱਲ ਮੋੜੇ ਪਾਏ। ਇੱਕ ਵਾਰ ਫੇਰ ਉਨ੍ਹਾਂ ਜਹਾਜ਼ ਦੇ ਪਾਸਿਆਂ ਵਿਚਲੇ ਸੁਰਾਖਾਂ ਰਾਹੀਂ ਕੁੱਝ ਗੁਆਚੇ ਨਿਸ਼ਾਨ ਭਾਲਣ ਦੀ ਕੋਸ਼ਿਸ਼ ਕੀਤੀ। ਅੱਥਰੂ ਭਰੀਆਂ ਅੱਖੀਆਂ ਨਾਲ਼ ਉਨ੍ਹਾਂ ਮਿਲਣ ਲਈ ਨਸੀ ਆ ਰਹੀ ਜਾਪਦੀ, ਆਪਣੀ ਮਾਤ-ਭੂਮੀ ਨੂੰ ਜੀ ਆਇਆਂ ਆਖਿਆ। ਪਰ ਉਨ੍ਹਾਂ ਦੇ ਅੱਠ ਸੂਰਬੀਰ ਸਾਥੀਆਂ ਦੀਆਂ ਠੰਡੀਆਂ ਸੁਆਹਾਂ ਪਿੱਛੇ ਪ੍ਰਦੇਸੀ ਅੰਡੇਮਾਨ ਦੇ ਬੀਆਬਾਨ ਵਿੱਚ ਹੀ ਬੇਸੂਦ ਉੱਡ ਰਹੀਆਂ ਸਨ।

## "ਇਨਕਲਾਬੀ ਕਦੇ ਬੁੱਢਾ ਨਹੀਂ ਹੁੰਦਾ"

ਕੈਦੀ ਵਾਪਸ ਹਿੰਦੁਸਤਾਨ ਲਿਆਂਦੇ ਗਏ ਸਨ - ਪਰ ਹੁਣ ਉਨ੍ਹਾਂ ਨੂੰ ਇੱਕ ਜੇਲ੍ਹ ਵਿੱਚ ਰੱਖਣਾ ਬਹੁਤ ਖ਼ਤਰਨਾਕ ਸਮਝਿਆ ਗਿਆ। ਉਨ੍ਹਾਂ ਨੂੰ ਹਜ਼ਾਰੀਬਾਗ, ਯਰਵਦਾ, ਨਾਗਪੁਰ, ਵੇਲੋਰ ਤੇ ਕੋਇਮਬਟੋਰ ਦੀਆਂ ਵੱਖੋ-ਵੱਖ ਜੇਲ੍ਹਾਂ ਵਿੱਚ ਵੰਡ ਦਿੱਤਾ ਗਿਆ।

ਇਸ ਅਦਲਾ ਬਦਲੀ ਵਿੱਚ ਹੀ ਗੁਰਮੁੱਖ ਸਿੰਘ ਤੇ ਪ੍ਰਿਥਵੀ ਸਿੰਘ ਹੱਥਕੜੀਆਂ ਬੇੜੀਆਂ ਸਮੇਤ ਚੱਲਦੀਆਂ ਗੱਡੀਆਂ 'ਚੋਂ ਛਲਾਂਗਾਂ ਮਾਰ ਕੇ ਫਰਾਰ ਹੋ ਗਏ। ਪ੍ਰਿਥਵੀ ਸਿੰਘ ਕੁੱਝ ਦਿਨਾਂ ਵਿੱਚ ਹੀ ਫੜੇ ਗਏ। ਪਰ ਥੋੜ੍ਹੇ ਚਿਰ ਵਿੱਚ ਹੀ ਉਨ੍ਹਾਂ ਇੱਕ ਵਾਰ ਫੇਰ ਆਪਣੀ ਜਾਨ 'ਤੇ ਖੇਲ ਕੇ ਚੱਲਦੀ ਗੱਡੀ ਤੋਂ ਛਲਾਂਗ ਲਗਾ ਦਿੱਤੀ - ਤੇ ਪੁਲਿਸ ਸਾਰਾ ਟਿਲ ਲਾ ਕੇ ਵੀ ਉਨ੍ਹਾਂ ਦਾ ਪਤਾ ਨਾ ਲਾ ਸਕੀ। ਇਸੇ ਦੌਰਾਨ ਵਿੱਚ ਬਾਬਾ ਵਸਾਖਾ ਸਿੰਘ ਹੋਰ 15 ਸਾਥੀਆਂ ਸਮੇਤ ਜੰਗ ਦੀ ਜਿੱਤ ਦੀ ਖੁਸ਼ੀ ਵਿੱਚ ਹੋਈਆਂ ਰਿਹਾਈਆਂ ਵਿੱਚ ਰਿਹਾ ਕਰ ਦਿੱਤੇ ਗਏ।

ਪਰ ਸੰਗਰਾਮ ਹਿੰਦੁਸਤਾਨ ਦੀਆਂ ਜੇਲ੍ਹਾਂ ਵਿੱਚ ਵੀ ਜਾਰੀ ਰਿਹਾ। ਕੋਇਮਬਟੋਰ ਜੇਲ੍ਹ ਵਿੱਚ ਉਨ੍ਹਾਂ ਵੇਖਿਆ ਕਿ ਕਿਸ ਤਸ਼ੱਦਦ ਨਾਲ਼ ਮੋਸਲਾਹ ਬਗ਼ਾਵਤ ਦਬਾਈ ਗਈ ਸੀ। ਨੌਜਵਾਨ ਹਰ ਰੋਜ਼ ਫਾਂਸੀਆਂ ਉੱਤੇ ਲਟਕਾਏ ਜਾਂਦੇ ਸਨ। ਛੋਟੇ-ਛੋਟੇ ਬੱਚੇ ਵੀ ਗ੍ਰਿਫ਼ਤਾਰ ਕਰ ਲਏ ਗਏ ਸਨ ਤੇ ਜੇਲ੍ਹ ਵਿੱਚ ਉਨ੍ਹਾਂ ਨੂੰ ਰੋਟੀ ਤੱਕ ਨਹੀਂ ਦਿੱਤੀ ਜਾਂਦੀ ਸੀ। ਸੂਰਬੀਰ ਪੰਜਾਬੀ ਕੈਦੀਆਂ ਦੇ ਦਿਲ ਉਨ੍ਹਾਂ ਨਾਲ਼ ਹਮਦਰਦੀ ਵਿੱਚ ਰੋ ਉੱਠੇ। ਆਪਣੇ ਰਾਸ਼ਨ ਵਿੱਚੋਂ ਉਨ੍ਹਾਂ ਮੋਪਲਾ ਬੱਚਿਆਂ ਦੀ ਭੁੱਖ ਮਿਟਾਉਣ ਦੀ ਕੋਸ਼ਿਸ਼ ਕੀਤੀ। ਬਾਬਾ ਜਵਾਲਾ ਸਿੰਘ ਜੀ ਨੂੰ ਇਸ ਇਨਸਾਨੀ ਹਮਦਰਦੀ ਵਜੋਂ ਕੀਤੇ ਕੰਮ ਲਈ 30 ਬੈਂਤਾਂ ਦੀ ਸਜ਼ਾ ਦਿੱਤੀ ਗਈ।

ਯਰਵਦਾ ਜੇਲ੍ਹ ਵਿੱਚ ਇਨ੍ਹਾਂ ਬਹਾਦਰਾਂ ਨੇ ਇੱਕ ਵਾਰ ਫੇਰ ਸਿੱਖ ਕੈਦੀਆਂ ਦੇ ਕੱਛੇ ਤੇ ਪੱਗੜੀਆਂ ਲੈਣ ਤੇ ਹੱਕ ਲਈ ਭੁੱਖ ਹੜਤਾਲ ਕੀਤੀ। ਕਈ ਸਾਲਾਂ ਮਗਰੋਂ ਜਦ 1929 ਵਿੱਚ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਰਾਜਸੀ ਕੈਦੀਆਂ ਦੇ ਹੱਕਾਂ ਲਈ ਮਸ਼ਹੂਰ ਭੁੱਖ ਹੜਤਾਲ ਕੀਤੀ ਤਾਂ ਅਣਗਿਣਤ ਸੰਗਰਾਮਾਂ ਦਾ ਜੋਧਾ ਸੋਹਣ ਸਿੰਘ ਭਕਨਾ ਫੇਰ ਸਭ ਤੋਂ ਅੱਗੇ ਸੀ। ਜਦ ਭਗਤ ਸਿੰਘ ਨੇ ਆਪ ਬਾਬਾ ਜੀ ਨੂੰ ਉਨ੍ਹਾਂ ਦੀ ਵੱਡੀ ਉਮਰ ਦਾ ਵਾਸਤਾ

ਪਾ ਕੇ ਭੁੱਖ ਹੜਤਾਲ ਵਿੱਚ ਨਾ ਸ਼ਾਮਿਲ ਹੋਣ ਦੀ ਪ੍ਰੇਰਨਾ ਕੀਤੀ, ਬਾਬਾ ਜੀ ਨੇ ਉੱਤਰ ਦਿੱਤਾ, "ਕੀ ਹੋਇਆ ਜੇ ਸਰੀਰ ਬੁੱਢਾ ਹੋ ਗਿਆ ਹੈ – ਇੱਕ ਇਨਕਲਾਬੀ ਕਦੇ ਬੁੱਢਾ ਨਹੀਂ ਹੁੰਦਾ" ਤੇ ਆਪਣੇ ਬਚਨਾਂ ਦੇ ਪੂਰੇ ਬਾਬਾ ਜੀ ਡੇਢ੍ਹ ਮਹੀਨਾ ਭੁੱਖ ਹੜਤਾਲ 'ਤੇ ਰਹੇ।

ਸਾਲ ਲੰਘਦੇ ਗਏ। ਉਮਰਕੈਦ ਦੇ ਨੀਯਤ 14 ਸਾਲ ਕਦੇ ਦੇ ਪੂਰੇ ਹੋ ਚੁੱਕੇ ਸਨ, ਪਰ ਹਕੂਮਤ ਗ਼ਦਰੀ ਇਨਕਲਾਬੀਆਂ ਨੂੰ ਰਿਹਾ ਕਰਨ ਲਈ ਤਿਆਰ ਨਹੀਂ ਸੀ। ਹਾਂ, 14 ਸਾਲ ਜੇਲ੍ਹਾਂ ਦੀ ਦੋਜ਼ਖੀ ਜ਼ਿੰਦਗੀ ਇਨ੍ਹਾਂ ਫੌਲਾਦੀ ਇਨਸਾਨਾਂ ਦੇ ਇਰਾਦਿਆਂ ਨੂੰ ਨਹੀਂ ਹਿਲਾ ਸਕੀ ਸੀ।

ਪਰ ਇੱਕ ਵਾਰ ਫੇਰ ਬਾਬਾ ਸੋਹਣ ਸਿੰਘ ਭਕਨਾ ਨੇ ਚੁੱਪ ਚਾਪ ਹਕੂਮਤ ਦਾ ਹੁਕਮ ਮੰਨਣੋਂ ਇਨਕਾਰ ਕਰ ਦਿੱਤਾ। "ਜੇ ਗ਼ੁਲਾਮ ਦੇਸ਼ ਦੀਆਂ ਜੇਲ੍ਹਾਂ ਵਿੱਚ ਹੀ ਉਮਰ ਕੱਟਣੀ ਹੈ ਤਾਂ ਇਸ ਜੀਵਨ ਨੂੰ ਜਫਾ ਮਾਰੀ ਰੱਖਣ ਦਾ ਕੀ ਲਾਭ", ਉਨ੍ਹਾਂ ਆਖਿਆ ਤੇ ਮਰਨ ਬਰਤ ਸ਼ੁਰੂ ਕਰ ਦਿੱਤਾ। ਇੱਕ ਇੱਕ ਕਰਕੇ 60 ਦਿਨ ਲੰਘ ਗਏ, ਪਰ ਹਕੂਮਤ ਅਜੇ ਵੀ ਕੇਵਲ ਸ਼ਰਤ ਉੱਤੇ ਹੀ ਬਾਬਾ ਜੀ ਨੂੰ ਰਿਹਾ ਕਰਨ ਲਈ ਤਿਆਰ ਹੋਈ। ਅਖ਼ੀਰ ਹਕੂਮਤ ਨੂੰ 90 ਦਿਨਾਂ ਦੀ ਭੁੱਖ ਹੜਤਾਲ ਮਗਰੋਂ 1930 ਵਿੱਚ ਆਪ ਨੂੰ ਬਿਨਾਂ ਕਿਸੇ ਪਾਬੰਦੀ ਦੇ ਰਿਹਾ ਕਰਨ ਲਈ ਮਜਬੂਰ ਹੋਣਾ ਪਿਆ।

ਪਰ ਕੁੱਝ ਮਹੀਨਿਆਂ ਅੰਦਰ ਹੀ ਆਪ ਨੂੰ ਫੇਰ ਕਾਂਗਰਸ ਲਹਿਰ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਬਾਹਰ ਆਉਂਦੇ ਹੀ ਆਪ ਮੁੜ ਰਾਜਸੀ ਕੈਦੀਆਂ ਤੇ ਖਾਸ ਤੌਰ 'ਤੇ ਆਪਣੇ ਪੁਰਾਣੇ ਸਾਥੀਆਂ ਦੀ ਰਿਹਾਈ ਦੇ ਸੰਗਰਾਮ ਵਿੱਚ ਕੁੱਦ ਪਏ। ਇਨ੍ਹਾਂ ਦਿਨਾਂ ਵਿੱਚ ਹੀ ਨੰਦ ਸਿੰਘ ਤੇ ਚੂਹੜ ਸਿੰਘ ਹੁਰਾਂ ਨੇ ਮਰਨ ਬਰਤ ਸ਼ੁਰੂ ਕਰ ਦਿੱਤਾ ਸੀ। ਚੂਹੜ ਸਿੰਘ ਜੀ ਤਾਂ ਬਾਹਰ ਆਉਂਦੇ ਹੀ ਸ਼ਹੀਦ ਹੋ ਗਏ। ਸਾਰੇ ਸੂਬੇ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਤੇ 1914-15 ਦੇ ਕੈਦੀਆਂ ਦੀ ਰਿਹਾਈ ਦੀ ਮੁਹਿੰਮ ਦਿਨੋ ਦਿਨ ਤਾਕਤ ਫੜਦੀ ਗਈ। ਅਖੀਰ ਇੱਕ ਇੱਕ ਕਰਕੇ ਇਹ ਸਾਮਰਾਜ ਵਿਰੋਧੀ ਸੰਗਰਾਮਾਂ ਵਿੱਚ ਬੁੱਢੇ ਹੋਏ ਜੋਧੇ, 10, 20 ਸਾਲ ਤੇ ਏਦੂੰ ਵੀ ਵੱਧ ਕੈਦਾਂ ਕੱਟ ਕੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚੋਂ ਨਿਕਲਣੇ ਸ਼ੁਰੂ ਹੋਏ। ਬਹੁਤ ਸਾਰਿਆਂ ਦੀਆਂ ਸਿਹਤਾਂ ਹਮੇਸ਼ਾਂ ਲਈ ਤਬਾਹ ਹੋ ਚੁੱਕੀਆਂ ਸਨ।

ਪਰ ਇਹ ਇੱਕ ਨਵੀਂ ਦੁਨੀਆਂ ਸੀ ਜਿਸ ਵਿੱਚ ਇਨ੍ਹਾਂ ਇਨਕਲਾਬੀਆਂ ਨੇ ਪੈਰ ਧਰਿਆ। ਇਹ ਪਹਿਲੀ ਸਿਵਲ-ਨਾ-ਫੁਰਮਾਨੀ, ਮਹਾਨ ਅਕਾਲੀ ਲਹਿਰ ਤੇ ਨੌਜਵਾਨ ਕਮਿਊਨਿਸਟ ਪਾਰਟੀ ਦੀ ਘੜੀ ਹੋਈ ਦੁਨੀਆਂ ਸੀ – ਕਾਨ੍ਹਪੁਰ ਤੇ ਮੇਰਠ ਸਾਜਸ਼-ਕੇਸਾਂ ਅਤੇ ਕਿਰਤੀ-ਕਿਸਾਨ ਪਾਰਟੀ ਦੀ ਦੁਨੀਆਂ! ਇਹ ਦੂਜੀ ਸਿਵਲ ਨਾਫੁਰਮਾਨੀ ਤੇ ਉਹਦੇ ਬਾਅਦ ਉੱਠੀਆਂ ਮਹਾਨ ਜਨਤਕ ਮਜ਼ਦੂਰ ਕਿਸਾਨ ਤੇ ਵਿਦਿਆਰਥੀ ਲਹਿਰਾਂ ਦਾ ਜ਼ਮਾਨਾ ਸੀ।

ਕਾਮਯਾਬ ਰੂਸੀ ਇਨਕਲਾਬ ਨੇ ਮਾਸਕੋ ਨੂੰ ਸਾਰੀ ਦੁਨੀਆਂ ਦੇ ਇਨਕਲਾਬੀਆਂ ਲਈ ਇੱਕ ਤੀਰਥ ਬਣਾ ਦਿੱਤਾ ਸੀ। ਅਮਰੀਕਾ ਤੋਂ ਗ਼ਦਰ ਪਾਰਟੀ ਨੇ ਵੀ ਆਪਣੇ ਨੁਮਾਇੰਦਿਆਂ ਰਤਨ ਸਿੰਘ ਤੇ ਸੰਤੋਖ ਸਿੰਘ ਨੂੰ ਦੁਨੀਆਂ ਦੇ ਪਹਿਲੇ ਮਜ਼ਦੂਰ-ਕਿਸਾਨ

ਰਾਜ ਵਿੱਚ ਭੇਜਿਆ। ਇਨਕਲਾਬੀ ਰੂਸ ਦੀ ਮਹਾਨ ਸੋਸ਼ਲਿਸਟ ਉਸਾਰੀ ਵਿੱਚ ਉਨ੍ਹਾਂ ਇੱਕ ਨਵੀਂ ਸੱਭਿਅਤਾ ਦਾ ਜਨਮ ਵੇਖਿਆ-ਤੇ ਇਹ ਅਮਰੀਕਨ ਸਰਮਾਏਦਾਰ ਜਮਹੂਰੀਅਤ ਦੀ ਮਹਦੂਦ ਦੁਨੀਆਂ ਤੋਂ ਕਿਤੇ ਜਾਨਦਾਰ ਤੇ ਮਹਾਨ ਸੱਭਿਅਤਾ ਸੀ। ਅਮਰੀਕਾ ਦੀ ਗ਼ਦਰ ਪਾਰਟੀ ਨੇ ਕਮਿਊਨਿਜ਼ਮ ਅਪਣਾ ਲਿਆ।

ਮਹਾਨ ਜਥੇਬੰਦਕ ਤੇ ਅਣਥੱਕ ਇਨਕਲਾਬੀ ਸੰਗਰਾਮੀਏ ਸੰਤੋਖ ਸਿੰਘ ਜੀ ਹਿੰਦੁਸਤਾਨ ਮੁੜੇ। ਲੁੱਕ ਛਿੱਪ ਕੇ ਕੰਮ ਕਰ ਰਹੇ ਗੁਰਮੁੱਖ ਸਿੰਘ ਦੀ ਸਹਾਇਤਾ ਨਾਲ਼ ਉਨ੍ਹਾਂ ਪੰਜਾਬ ਦੇ ਪਹਿਲੇ ਮਜ਼ਦੂਰ-ਇਨਕਲਾਬੀ ਅਖ਼ਬਾਰ 'ਕਿਰਤੀ' ਦੀ ਨੀਂਹ ਰੱਖੀ ਤੇ 1928 ਵਿੱਚ ਤਪਦਿਕ ਨਾਲ਼ ਮਰਦੇ ਦਮ ਤੱਕ ਇਹਨੂੰ ਕਾਮਯਾਬੀ ਨਾਲ਼ ਚਲਾਇਆ। ਹੁਣ ਤੋਂ ਬਾਅਦ ਪ੍ਰਦੇਸਾਂ ਤੋਂ ਰੂਸ ਗਏ ਤੇ ਮਾਸਕੋ ਦੀ ਈਸਟਰਨ ਯੂਨੀਵਰਸਿਟੀ ਦੇ ਪੜ੍ਹੇ ਹੋਏ ਪੰਜਾਬੀ ਲਗਾਤਾਰ ਹਿੰਦੁਸਤਾਨ ਵਿੱਚ ਆਉਣੇ ਸ਼ੁਰੂ ਹੋ ਗਏ। ਇਹ ਨੌਜਵਾਨ ਗ਼ਦਰ ਇਨਕਲਾਬੀਏ, ਹਿੰਦੁਸਤਾਨ ਵਿੱਚ ਹੋ ਰਹੀ ਨਵੀਂ ਦੁਨੀਆਂ ਦੀ ਉਸਾਰੀ ਵਿੱਚ ਆਪਣਾ ਹਿੱਸਾ ਪਾਉਣਾ ਚਾਹੁੰਦੇ ਸਨ।

## ਮੁੜ ਇਨਕਲਾਬੀ ਜੱਦੋਜਹਿਦ ਵਿੱਚ

ਇਹ ਸੀ ਨਵੀਂ ਦੁਨੀਆਂ ਜਿਸ ਵਿੱਚ ਉਮਰ ਕੈਦਾਂ ਕੱਟਣ ਮਗਰੋਂ 1914-15 ਦੇ ਇਨਕਲਾਬੀਆਂ ਨੇ ਹੁਣ ਪੈਰ ਧਰਿਆ। ਉਹ ਨੌਜਵਾਨ ਜਾਂ ਅੱਧਖੜ ਉਮਰ ਦੇ ਜੇਲ੍ਹਾਂ ਵਿੱਚ ਗਏ ਸਨ। ਹੁਣ ਉਨ੍ਹਾਂ ਦੇ ਬੁੱਢੇ ਸਰੀਰਾਂ 'ਤੇ ਅਣਗਿਣਤ ਸੰਗਰਾਮਾਂ ਤੇ ਬੇਮਿਸਾਲ ਕੁਰਬਾਨੀਆਂ ਦੇ ਨਿਸ਼ਾਨ ਮੌਜੂਦ ਸਨ। ਉਹ ਫਾਂਸੀਆਂ ਦੇ ਤਖ਼ਤਿਆਂ ਤੇ ਖੜ੍ਹੋ ਚੁੱਕੇ ਸਨ, ਉਨ੍ਹਾਂ ਵੀਹ ਵੀਹ ਸਾਲ ਕੈਦਾਂ ਕੱਟੀਆਂ ਸਨ, ਜੇਲ੍ਹਾਂ ਵਿੱਚ ਅਕਹਿ ਅੱਤਿਆਚਾਰ ਸਹੇ ਸਨ ਤੇ ਅੰਡੇਮਾਨ ਦੀਆਂ ਕਾਲ਼ ਕੋਠੜੀਆਂ ਵਿੱਚ ਮੌਤ ਦਾ ਸਾਹਮਣਾ ਕੀਤਾ ਸੀ, ਉਨ੍ਹਾਂ ਦੀਆਂ ਸਿਹਤਾਂ ਤਬਾਹ ਹੋ ਚੁੱਕੀਆਂ ਸਨ, ਪਰ ਉਨ੍ਹਾਂ ਆਪਣਾ ਬੁੱਢੇਪਾ ਵੀ ਅਮਨ ਤੇ ਅਰਾਮ ਨਾਲ਼ ਨਹੀਂ ਸੀ ਗੁਜ਼ਾਰਨਾ।

ਬਾਬਾ ਸੋਹਣ ਸਿੰਘ ਭਕਨਾ ਰਿਹਾ ਹੋ ਕੇ ਆਏ ਪਰ ਉਹ ਆਪਣੇ ਘਰ ਦਾ ਰਾਹ ਭੁੱਲ ਗਏ ਸਨ। ਇਹਦਾ ਜੋ ਕੁੱਝ ਬਚਿਆ ਸੀ ਉਹ ਕੇਵਲ ਇੱਕ ਟੁੱਟੀ ਭੱਜੀ ਕੋਠੜੀ ਹੀ ਸੀ ਜਿਥੇ ਉਨ੍ਹਾਂ ਦੀ ਪਤਨੀ ਕਦੀ ਕਦਾਈਂ ਆ ਕੇ ਅੱਥਰੂ ਡੇਗ ਜਾਂਦੀ ਸੀ। ਪਰ ਇਨਕਲਾਬ ਦਾ ਰਾਹ ਅੱਗੇ ਨਾਲ਼ੋਂ ਕਿਤੇ ਸਾਫ ਸੀ। ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਜਾਣਦੇ ਸਨ ਕਿ ਹਿੰਦੂਸਤਾਨ ਵਿੱਚ ਉਨ੍ਹਾਂ ਦੀ ਬਗ਼ਾਵਤ ਕਿਉਂ ਨਾਕਾਮਯਾਬ ਰਹੀ ਸੀ - ਜਦੋਂ ਓਦੂੰ ਕਿਤੇ ਵੱਡੀ ਬਗ਼ਾਵਤ ਰੂਸ ਵਿੱਚ ਕਾਮਯਾਬ ਹੋ ਚੁੱਕੀ ਸੀ। ਉਨ੍ਹਾਂ ਆਪ ਹੀ ਤਾਂ ਆਖਿਆ ਸੀ, "ਇਨਕਲਾਬੀ ਮਰ ਜਾਂਦਾ ਹੈ, ਪਰ ਉਹ ਬੁੱਢਾ ਕਦੇ ਨਹੀਂ ਹੁੰਦਾ।" 1914-15 ਦੇ ਗ਼ਦਰੀ ਬਾਬੇ ਹੁਣ ਲਾਲ ਝੰਡੇ ਹੇਠਾਂ ਆ ਇਕੱਠੇ ਹੋਏ।

ਉਨ੍ਹਾਂ ਨਾ ਕੇਵਲ ਆਪਣੇ ਪੁਰਾਣੇ ਸਾਥੀ ਹੀ ਲੱਭ ਲਏ ਸਗੋਂ ਕਮਾਲ ਦੀ ਇਨਕਲਾਬੀ

ਵਫ਼ਾਦਾਰੀ ਨਾਲ਼ ਆਪਣੇ ਤੋਂ ਅੱਧੀਆਂ ਤੇ ਬਹੁਤ ਵਾਰੀ ਏਦੂੰ ਵੀ ਘੱਟ ਉਮਰਾਂ ਦੇ ਨੌਜਵਾਨਾਂ ਨਾਲ਼ ਮੋਢਾ ਜੋੜ ਕੇ ਖੜ੍ਹੇ ਹੋ ਗਏ। ਉਨ੍ਹਾਂ ਦੇ ਜੀਵਨ ਦਾ ਇੱਕ ਨਵਾਂ ਕਾਂਡ ਸ਼ੁਰੂ ਹੋ ਗਿਆ।

ਬਾਬਾ ਸੋਹਣ ਸਿੰਘ ਭਕਨਾ ਆਪਣੇ ਇਲਾਕੇ ਵਿੱਚ ਕਾਂਗਰਸ ਦੀ ਉਸਾਰੀ ਵਿੱਚ ਜੁੱਟ ਗਏ ਤੇ ਇਹਦੀ ਸੂਬਾ ਕਮੇਟੀ ਦੇ ਮੈਂਬਰ ਚੁਣੇ ਗਏ। 1934 ਵਿੱਚ ਅਕਾਲੀ ਪਾਰਟੀ ਤੇ ਸਾਰੇ ਪੰਥ ਨੇ ਗੁਰਦੁਆਰਾ ਚੋਣਾਂ ਬਾਰੇ ਝਗੜਿਆਂ ਦਾ ਜਮਹੂਰੀ ਨਿਪਟਾਰਾ ਕਰਨ ਲਈ ਬਾਬਾ ਵਸਾਖਾ ਸਿੰਘ ਤੇ ਪਿੱਛੋਂ ਬਾਬਾ ਸੋਹਣ ਸਿੰਘ ਨੂੰ ਹੀ ਸਾਲਸ ਬਣਾਇਆ। ਮੀਲਾਂ ਬੱਧੀਂ ਪੈਦਲ ਟੁਰਕੇ ਉਨ੍ਹਾਂ ਕਿਸਾਨ ਸਭਾਵਾਂ ਜਥੇਬੰਦ ਕੀਤੀਆਂ, ਤੇ 1938 ਦੇ ਅੰਮ੍ਰਿਤਸਰ ਮੋਰਚੇ ਵਿੱਚ ਜਾਬਰ ਪੁਲਿਸ ਦੀਆਂ ਮੀਂਹ ਵਾਂਗ ਵਰ੍ਹਦੀਆਂ ਲਾਠੀਆਂ ਬੁੱਢੀਆਂ ਸੁੱਕੀਆਂ ਹੱਡੀਆਂ ’ਤੇ ਖਾਧੀਆਂ – ਸਾਰੇ ਦੇਸ਼ ਦੇ ਜਥੇਬੰਦ ਕਿਸਾਨਾਂ ਨੇ ਉਨ੍ਹਾਂ ਨੂੰ ਕੁੱਲ ਹਿੰਦ ਕਿਸਾਨ ਸਭਾ ਦਾ ਪ੍ਰਧਾਨ ਚੁਣ ਕੇ ਸਤਿਕਾਰਿਆ।

ਬਾਬਾ ਜਵਾਲਾ ਸਿੰਘ ਕਿਸਾਨਾਂ ਨੂੰ ਜਗਾਉਂਦੇ ਤੇ ਸਾਰੇ ਸੂਬੇ ਵਿੱਚ ਕਿਸਾਨ ਸਭਾ ਦੀ ਉਸਾਰੀ ਕਰਦੇ ਹੋਏ ਨੀਲੀ ਬਾਰ ਦੇ ਪੱਛੜੇ ਜਾਗੀਰਸ਼ਾਹੀ ਇਲਾਕੇ ਵਿੱਚ ਵੀ ਲਾਲ ਝੰਡਾ ਲੈ ਗਏ। ਉਨ੍ਹਾਂ ਮੈਦਾਨ ਵਿੱਚ ਹੀ ਆਪਣੇ ਪ੍ਰਾਣ ਤਿਆਗੇ – ਅੱਜ ਪੰਜਾਬ ਦੀ ਕਿਸਾਨ ਲਹਿਰ ਵਿੱਚ ਉਨ੍ਹਾਂ ਦਾ ਨਾਂ ਸਦਾ ਲਈ ਅਮਰ ਹੈ।

ਬਾਬਾ ਰੂੜ ਸਿੰਘ ਨੇ ਦਿਨ ਰਾਤ ਕੰਮ ਕਰਕੇ ਫਿਰੋਜ਼ਪੁਰ ਦੇ ਕਿਸਾਨਾਂ ਤੇ ਰਿਆਸਤ ਕਲਸੀਆਂ ਦੇ ਦੱਬੇ ਤੇ ਲੁੱਟੇ ਜਾਂਦੇ ਮੁਜ਼ਾਰਿਆਂ ਨੂੰ ਉਭਾਰਿਆ। ਉਨ੍ਹਾਂ ਇੱਕ ਤੋਂ ਬਾਅਦ ਦੂਜੇ ਜੇਤੂ ਮੋਰਚਿਆਂ ਦੀ ਅਗਵਾਈ ਕੀਤੀ। ਮੋਗਾ ਤਹਿਸੀਲ ਦੇ ਕਿਸਾਨਾਂ ਨੇ ਟੋਡੀਆਂ ਦਾ ਮੂੰਹ ਭੰਨ ਕੇ ਉਨ੍ਹਾਂ ਨੂੰ ਬਿਨਾਂ ਮੁਕਾਬਲਾ ਅਸੈਂਬਲੀ ਵਿੱਚ ਆਪਣਾ ਪ੍ਰਤੀਨਿੱਧ ਚੁਣ ਕੇ ਭੇਜਿਆ।

ਬਾਬਾ ਕੇਸਰ ਸਿੰਘ ਨੇ ਬਾਬਾ ਸ਼ੇਰ ਸਿੰਘ ਦੇ ਨਾਲ਼ ਹੋ ਕੇ ਅੰਨ੍ਹੇ ਸਾਮਰਾਜੀ ਤਸ਼ੱਦਦ ਦੇ ਬਾਵਜੂਦ ‘ਕਿਰਤੀ’ ਅਖ਼ਬਾਰ ਨੂੰ ਜਾਰੀ ਰੱਖਿਆ। ਹਰ ਕਿਸਾਨ ਮੋਰਚੇ ਵਿੱਚ ਅੱਗੇ ਹੋ ਕੇ ਲੜਾਈ ਕੀਤੀ ਤੇ ਲਾਹੌਰ ਮੋਰਚੇ ਵਿੱਚ ਸਭ ਤੋਂ ਪਹਿਲਾਂ ਗ੍ਰਿਫ਼ਤਾਰੀ ਦਿੱਤੀ। ਅੱਜ ਉਹ ਆਪਣੀ ਜ਼ਿੰਦਗੀ ਦੇ 33 ਸਾਲ ਬਰਤਾਨਵੀ ਸਾਮਰਾਜ ਦੀਆਂ ਜੇਲ੍ਹਾਂ ਵਿੱਚ ਕੱਟ ਚੁੱਕੇ ਹਨ।

ਬਾਬਾ ਵਸਾਖਾ ਸਿੰਘ, ਸੰਤ ਸੁਭਾ ਵਾਲ਼ੇ ਤੇ ਬਾਣੀ ਦੇ ਰਸੀਏ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਬਾਨੀ ਹਨ। 1921 ਤੋਂ ਅੱਜ ਤੱਕ ਰਾਜਸੀ ਕੈਦੀਆਂ ਦੀ ਕਾਨੂੰਨੀ ਸਹਾਇਤਾ ਤੇ ਉਨ੍ਹਾਂ ਦੇ 50 ਪਰਿਵਾਰਾਂ ਦੀ ਮਾਲੀ ਇਮਦਾਦ ਵਿੱਚ ਜੁੱਟੇ ਰਹੇ ਹਨ।

ਸਾਰੇ ਪੰਥ ਨੇ ਆਪ ਨੂੰ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਚੁਣਿਆ, ਜਿੱਥੋਂ ਪਿਛਾਂਹ ਖਿੱਚੂਆਂ ਨੇ 20 ਸਾਲ ਪਹਿਲੇ ਆਪ ਤੇ ਆਪ ਦੇ ਸਾਥੀਆਂ ਵਿਰੁੱਧ ਸਿੱਖ ਨਾ ਹੋਣ ਦਾ ਹੁਕਮਨਾਮਾ ਜਾਰੀ ਕੀਤਾ ਸੀ। ਅੱਜ ਆਪ ਸਿੱਖ ਕਿਸਾਨ ਘਰਾਂ ਵਿੱਚ ਸਭ ਤੋਂ ਵੱਧ ਪਿਆਰੇ ਤੇ ਸਤਿਕਾਰੀ ਸ਼ਖਸੀਅਤ ਹਨ।

ਬਾਬਾ ਗੁਰਮੁੱਖ ਸਿੰਘ ਕਾਮਾਗਾਟਾਮਾਰੂ ਤੇ ਅੰਡੇਮਾਨ ਦੇ ਸੰਗਰਾਮਾਂ ਦੇ ਮੁੱਖੀ ਜੋਧੇ ਅਫਗਾਨਿਸਤਾਨ ਵਿੱਚ ਕਾਂਗਰਸ ਦੇ ਉਸਰੀਏ ਜਿਨ੍ਹਾਂ ਪ੍ਰਿਥਵੀ ਸਿੰਘ ਸਮੇਤ ਰੂਸ ਤੋਂ

ਹਿੰਦੁਸਤਾਨ ਵਾਪਸ ਮੁੜਨ ਲਈ ਸਦੀਆਂ ਪੁਰਾਣੀ ਕਾਬਲ ਜੇਲ੍ਹ ਦੇ ਤਸੀਹੇ ਤੇ ਅੱਤਿਆਚਾਰਾਂ ਦਾ ਖਿੜੇ ਮੱਥੇ ਟਾਕਰਾ ਕੀਤਾ – ਅੱਜ ਉਨ੍ਹਾਂ ਦੀ ਕਹਾਣੀ ਸਿੱਖ ਦੇਸ਼-ਭੂਮੀਆਂ ਦੇ ਬੱਚੇ ਬੱਚੇ ਦੇ ਮੂੰਹ 'ਤੇ ਹੈ।

ਪ੍ਰਿਥਵੀ ਸਿੰਘ, ਅੰਡੇਮਾਨ ਦੇ ਅਨੇਕਾਂ ਮੋਰਚਿਆਂ ਦੇ ਸੂਰਬੀਰ ਪੁਲਿਸ ਤੋਂ ਲੁੱਕ ਛਿਪ ਕੇ ਅੱਧੀ ਦਰਜਨ ਗੁਪਤ ਨਾਵਾਂ ਹੇਠ ਕੰਮ ਕਰਦਿਆਂ ਅੱਜ ਸਾਡੀ ਵਿਸ਼ਾਲ ਦੇਸ਼ ਭੂਮੀ ਦੇ ਕਈ ਸੂਬਿਆਂ ਵਿੱਚ ਅਜ਼ਾਦੀ ਦੀ ਜੋਤ ਜਗਾ ਚੁੱਕੇ ਹਨ।

ਬਾਬਾ ਸ਼ੇਰ ਸਿੰਘ, ਬਾਬਾ ਹਰਨਾਮ ਸਿੰਘ ਟੁੰਡੀ ਲਾਟ ਤੇ ਬਾਬਾ ਲਾਲ ਸਿੰਘ, ਅਣਗਿਣਤ ਲੜਾਈਆਂ ਦੇ ਅਜ਼ਮਾਏ ਹੋਏ ਸੰਗਰਾਮੀਆਂ ਨੇ ਸੂਬੇ ਦੀ ਹਰ ਦੇਸ਼ ਭਗਤ ਲਹਿਰ ਦੀ ਉਸਾਰੀ ਵਿੱਚ ਹਿੱਸਾ ਪਾਇਆ ਹੈ ਤੇ ਆਪਣੇ ਨਿਡਰ ਹੌਂਸਲੇ ਤੇ ਅਣਥੱਕ ਕੰਮ ਨਾਲ਼ ਕਈ ਨੌਜਵਾਨ ਸਾਥੀਆਂ ਦੇ ਸਿਰ ਵੀ ਸ਼ਰਮ ਨਾਲ਼ ਝੁਕਾ ਦਿੱਤੇ ਹਨ।

ਬਾਬਾ ਗੁਜਰ ਸਿੰਘ ਕਿਸਾਨ ਸਭਾ ਦੇ ਉਸਰੀਏ, ਬਾਬਾ ਹਰਨਾਮ ਸਿੰਘ ਕਾਮਗਾਟਾਮਾਰੂ ਤੇ ਬਾਬਾ ਹਰਦਿਤ ਸਿੰਘ ਲੰਮੇ ਤੇ ਕਈ ਹੋਰ ਆਪਣੀਆਂ ਬੁੱਢੀਆਂ ਉਮਰਾਂ ਵਿੱਚ ਅਜ਼ਾਦੀ ਦੀਆਂ ਲੜਾਈਆਂ ਲੜ ਰਹੇ ਹਨ ਤੇ ਆਪਣੇ ਇਲਾਕਿਆਂ ਦੇ ਰਾਜਸੀ ਆਗੂ ਹਨ।

ਇਨ੍ਹਾਂ ਦੇ ਨਾਲ਼ ਹੀ ਇਨ੍ਹਾਂ ਦੇ ਪੁਰਾਣੇ ਸਾਥੀ ਵੀ ਮੋਢੇ ਨਾਲ਼ ਮੋਢਾ ਜੋੜ ਕੇ ਕੰਮ ਕਰ ਰਹੇ ਹਨ – ਇਹ ਹਨ ਗ਼ਦਰ ਪਾਰਟੀ ਦੇ ਹੋਰ ਮੋਢੀ ਜਿਨ੍ਹਾਂ 1914-15 ਦੀਆਂ ਗ੍ਰਿਫ਼ਤਾਰੀਆਂ ਤੇ ਸਜ਼ਾਵਾਂ ਪਿੱਛੋਂ ਵੀ ਅਜ਼ਾਦੀ ਤੇ ਇਨਕਲਾਬ ਦਾ ਝੰਡਾ ਨੀਵਾਂ ਨਾ ਹੋਣ ਦਿੱਤਾ।

ਇਨ੍ਹਾਂ ਵਿੱਚ ਹੈ ਹਰ ਲਹਿਰ ਦਾ ਸੰਗਰਾਮੀਆਂ, ਦੂਜੇ ਅਕਾਲੀ ਸਾਜਸ਼ ਕੇਸ ਦਾ ਆਗੂ, ਪਹਿਲੇ ਸਿੱਖ ਇਨਕਲਾਬੀ ਅਖਬਾਰ 'ਦੇਸ਼ ਸੇਵਕ' ਦਾ ਮੋਢੀ, ਕਾਂਗਰਸੀ ਲਹਿਰਾਂ ਵਿੱਚ ਕੈਦਾਂ ਕੱਟਣ ਵਾਲ਼ਾ ਤੇ ਕਿਰਤੀ ਕਿਸਾਨ ਲਹਿਰ ਦਾ ਉੱਸਰਈਆ, ਬਾਬਾ ਕਰਮ ਸਿੰਘ ਚੀਮਾ, ਉਹਦੇ ਨਾਲ਼ ਹੈ ਹਰ ਮੋਰਚੇ ਦਾ ਸਾਥੀ, ਭਾਗ ਸਿੰਘ ਕੈਨੇਡੀਅਨ, ਮਹਾਨ ਅਕਾਲੀ ਲਹਿਰ ਦਾ ਆਗੂ, 1930 ਤੋਂ ਪਹਿਲਾਂ ਸਿੱਖ ਲੀਗ ਤੋਂ ਪਿੱਛੋਂ ਦੁਆਬੇ ਦੀ ਕਿਸਾਨ ਲਹਿਰ ਦਾ ਮੋਢੀ, ਬਾਬਾ ਭਗਵਾਨ ਸਿੰਘ, ਪ੍ਰਸਿੱਧ ਸ਼ਹੀਦੀ ਜਥੇ ਦਾ ਆਗੂ, ਜਿਨ੍ਹੇ 1925 ਵਿੱਚ ਫਿਰਕੂ ਫਸਾਦਾਂ ਨਾਲ਼ ਪਾਟੇ ਹੋਏ ਦੇਸ਼ ਦਾ ਦੌਰਾ ਕਰਕੇ ਹਿੰਦੂ ਮੁਸਲਿਮ ਏਕੇ ਤੇ ਅਜ਼ਾਦੀ ਦਾ ਸੁਨੇਹਾ ਦਿੱਤਾ ਤੇ ਪੰਡਤ ਨਹਿਰੂ ਤੇ ਡਾ: ਅਨਸਾਰੀ ਦੀ ਅਗਵਾਈ ਵਿੱਚ ਸਾਰੇ ਦੇਸ਼ ਭਗਤ ਹਿੰਦੁਸਤਾਨ ਤੋਂ ਦਾਦ ਲਈ – ਅੱਜ ਵੀ ਅਜ਼ਾਦੀ ਦੇ ਮੋਰਚੇ ਦੀਆਂ ਸਭ ਤੋਂ ਅਗਲੀਆਂ ਸਫ਼ਾਂ ਵਿੱਚ ਖੜਾ ਹੈ। ਇੱਕ ਹੋਰ ਸੰਗਰਾਮੀਆਂ ਹੈ, ਸਭ ਤੋਂ ਪਹਿਲਾਂ ਆਪਣੇ ਸੂਬੇ ਦੇ ਕਿਸਾਨਾਂ ਪਾਸ ਰੂਸ ਤੋਂ ਸੋਜ਼ਲਿਜ਼ਮ ਦਾ ਸੁਨੇਹਾ ਤੇ ਚਾਨਣ ਲੈ ਕੇ ਆਉਣ ਵਾਲ਼ਾ, ਸੰਤ ਸਿੰਘ ਗੰਡੀ ਵਿੰਡ।

ਭਾਈ ਸੰਤੋਖ ਸਿੰਖ ਤੇ ਬਾਬਾ ਜਵਾਲਾ ਸਿੰਘ ਤੋਂ ਬਿਨਾਂ ਹੋਰ ਵੀ ਸੂਰਬੀਰ ਹਨ, – ਈਸ਼ਰ ਸਿੰਘ ਮਰਹਾਨਾ, ਨਿਧਾਨ ਸਿੰਘ ਚੁਗਾ, ਕਰਮ ਸਿੰਘ ਧੂਤ, ਮਦਨ ਸਿੰਘ ਗਾਗਾ ਇੰਦਰ ਸਿੰਘ ਸੁਰ ਸਿੰਘ, ਕਪੂਰ ਸਿੰਘ ਮੋਹੀ ਤੇ ਕਈ ਹੋਰ, ਬੁੱਢੇ ਤੇ ਬੀਮਾਰ ਯੋਧੇ – ਜਿਨ੍ਹਾਂ ਸੀ ਕੀਤੇ ਬਿਨਾਂ ਆਪਣੀਆਂ ਜਾਨਾਂ ਵਾਰ ਦਿੱਤੀਆਂ, ਪਰ ਉਸ ਲੋਅ ਨੂੰ ਜਿਦ੍ਹੇ ਲਈ ਉਨ੍ਹਾਂ ਦੇ

ਸਾਥੀ ਫਾਂਸੀਆਂ 'ਤੇ ਲਟਕ ਗਏ ਸਨ, ਬੁੱਝਣ ਨਾ ਦਿੱਤਾ। 1914-15 ਦੇ ਇਹ ਸੂਰਬੀਰ ਅੱਜ ਵੀ ਦੇਸ਼ ਭਗਤੀ ਤੇ ਕੁਰਬਾਨੀ ਦੀ ਅਜਿਹੀ ਵਿਰਾਸਤ ਦੀ ਉਸਾਰੀ ਕਰ ਰਹੇ ਹਨ ਜਿਸ ਉੱਤੇ ਕਿਸੇ ਵੀ ਦੇਸ਼ ਦੀ ਅਜ਼ਾਦੀ ਦੀ ਲਹਿਰ ਨੂੰ ਮਾਣ ਹੋ ਸਕਦਾ ਹੈ।

## ਕਮਿਊਨਿਸਟ ਪਾਰਟੀ ਵਿੱਚ

ਸਤੰਬਰ 1939 ਵਿੱਚ ਦੂਜੀ ਵੱਡੀ ਲੜਾਈ ਸ਼ੁਰੂ ਹੋ ਗਈ। ਗ਼ਦਰੀ ਬਾਬੇ ਤਾਂ ਸਦਾ ਹੀ ਸਾਮਰਾਜੀ ਨੌਕਰਸ਼ਾਹੀ ਦੀਆਂ ਅੱਖਾਂ ਵਿੱਚ ਰੜਕਦੇ ਰਹੇ ਸਨ। ਉਨ੍ਹਾਂ 'ਚੋਂ ਕਈਆਂ ਨੇ ਤਾਂ ਉਮਰ ਕੈਦਾਂ ਕੱਟ ਕੇ ਪਹਿਲੀ ਵਾਰ ਬਾਹਰ ਆਉਣ ਤੋਂ ਬਾਅਦ ਕੇਵਲ 4 ਜਾਂ 5 ਸਾਲ ਹੀ ਜੇਲ੍ਹੋਂ ਬਾਹਰ ਕੱਟੇ ਸਨ। ਹੁਣ ਉਹ ਫੇਰ ਜੂਨ 1940 ਦੇ ਪਹਿਲੇ ਜੰਗੀ ਛਾਪਿਆਂ ਵਿੱਚ ਫੜ ਲਏ ਗਏ। ਅਕਤੂਬਰ ਵਿੱਚ ਉਨ੍ਹਾਂ ਨੂੰ ਹੋਰਨਾਂ ਕਮਿਊਨਿਸਟ ਤੇ ਕਿਸਾਨ ਆਗੂਆਂ ਵਾਂਗ ਦੇਉਲੀ ਕੈਂਪ ਵਿੱਚ ਭੇਜ ਦਿੱਤਾ ਗਿਆ। ਇੱਥੇ ਉਹ ਪਹਿਲੀ ਵਾਰ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੂੰ ਮਿਲੇ।

ਬਾਬੇ ਅੱਗੇ ਹੀ ਸੋਸ਼ਲਿਜਮ ਨੂੰ ਅਪਣਾ ਕੇ ਲਾਲ ਝੰਡੇ ਹੇਠ ਸੰਗਰਾਮ ਕਰਦੇ ਰਹੇ ਹਨ ਪਰ ਦੇਉਲੀ ਕੈਂਪ ਵਿੱਚ ਉਨ੍ਹਾਂ ਪਹਿਲੀ ਵਾਰ ਸੋਸ਼ਲਿਸਟ ਸਿਧਾਂਤਾਂ ਦਾ ਡੂੰਗਾ ਮੁਤਾਲਿਆ ਕੀਤਾ ਤੇ ਆਪਣੇ ਮਾਅਰਕਿਆਂ-ਭਰੇ ਬੀਤੇ ਦੀ ਪੜਚੋਲ ਕੀਤੀ। ਉਨ੍ਹਾਂ ਨਵੇਂ ਖਿਆਲਾਂ ਨਾਲ਼ ਘੋਲ਼ ਕੀਤਾ ਤੇ ਇੱਕ ਵਾਰ ਫੇਰ ਜੇਤੂ ਨਿਕਲੇ। ਉਨ੍ਹਾਂ ਆਪਣੀਆਂ ਸਾਰੀਆਂ ਜ਼ਿੰਦਗੀਆਂ ਦੇਸ਼ ਦੀ ਅਜ਼ਾਦੀ ਲਈ ਅਰਪਣ ਕਰ ਛੱਡੀਆਂ ਸਨ। ਉਹ ਕਈ ਨੌਜਵਾਨ ਸਾਥੀਆਂ ਨਾਲ਼ੋਂ ਇਸ ਗੱਲ ਦੀ ਵਧੇਰੇ ਜ਼ਰੂਰਤ ਮਹਿਸੂਸ ਕਰਦੇ ਸਨ ਕਿ ਸਾਰੇ ਸੱਚੇ ਇਨਕਲਾਬੀ ਇੱਕੋ ਡਿਸਿਪਲਿਨ ਵਿੱਚ ਬੱਝੀ ਇਨਕਲਾਬੀ ਫੌਜ ਵਿੱਚ ਜਥੇਬੰਦ ਹੋ ਕੇ ਕੰਮ ਕਰਨ। ਗ਼ੁਲਾਮ ਹੋਣ ਦੀ ਸ਼ਰਮ ਨੇ ਉਨ੍ਹਾਂ ਨੂੰ ਇਨਕਲਾਬੀ ਜਦੋ ਜਹਿਦ ਵਿੱਚ ਲਿਆਂਦਾ ਸੀ। ਸੋਵੀਅਤ ਰੂਸ ਦੇ ਅਸਰ, ਇਰਾਦੇ ਦੀ ਦ੍ਰਿੜ੍ਹਤਾ ਤੇ ਆਪਣੀ ਜਨਤਾ ਦੇ ਪਿਆਰ ਨੇ ਉਨ੍ਹਾਂ ਨੂੰ ਪੰਜਾਬ ਦੀ ਸ਼ਾਨਦਾਰ ਕਿਸਾਨ ਲਹਿਰ ਨੂੰ ਜਥੇਬੰਦ ਕਰਨ ਲਈ ਉਭਾਰਿਆ। ਉਨ੍ਹਾਂ ਦੀ ਇਨਕਲਾਬੀ ਆਦਰਸ਼ ਨਾਲ਼ ਅਟੱਲ ਵਫਾਦਾਰੀ ਕਰਕੇ ਇਹ ਕੁਦਰਤੀ ਗੱਲ ਸੀ ਕਿ ਆਪਣੇ ਦੇਸ਼ ਦੀ ਅਜ਼ਾਦੀ ਤੇ ਇਹਦੇ ਲੋਕਾਂ ਦੀ ਖੁਸ਼ੀ ਤੇ ਖੁਸ਼ਹਾਲੀ ਲਈ ਸਭ ਤੋਂ ਚੰਗੀ ਤਰ੍ਹਾਂ ਲੜਣ ਲਈ ਉਹ ਇਨਕਲਾਬੀਆਂ ਦੇ ਮਹਾਨ ਟੱਬਰ ਕਮਿਊਨਿਸਟ ਪਾਰਟੀ ਵਿੱਚ ਸ਼ਾਮਿਲ ਹੋ ਜਾਣ। "ਮੇਰੀ ਸਾਰੀ ਉਮਰ ਦੇ ਸੰਗਰਾਮ ਦੀ ਸਿਖਰ ਇਹੋ ਹੈ", ਬਾਬਾ ਸੋਹਣ ਸਿੰਘ ਭਕਨਾ ਨੇ ਪਾਰਟੀ ਵਿੱਚ ਸ਼ਾਮਿਲ ਹੋਣ ਲੱਗਿਆਂ ਆਖਿਆ।

ਦੇਉਲੀ ਦੀ ਮਸ਼ਹੂਰ ਭੁੱਖ ਹੜਤਾਲ ਹੋਈ। ਸਾਥੀਆਂ ਦੇ ਮਿੰਨਤਾਂ ਤਰਲੇ ਵੀ ਬਿਰਧ ਬਾਬਿਆਂ ਨੂੰ ਸ਼ਾਮਿਲ ਹੋਣੋਂ ਨਾ ਰੋਕ ਸਕੇ। ਕਈਆਂ ਨੂੰ ਤਾਂ ਪਾਰਟੀ ਨੂੰ ਹੁਕਮ ਦੇ ਕੇ ਪਾਣੀ ਪੀਣ ਲਈ ਮਜ਼ਬੂਰ ਕਰਨਾ ਪਿਆ। ਸਰਕਾਰ ਨੂੰ ਇੱਕ ਵਾਰ ਫੇਰ ਹਾਰ ਮੰਨਣੀ ਪਈ ਤੇ ਬਦਨਾਮ ਬੰਦੀ ਕੈਂਪ ਤੋੜਨਾ ਪਿਆ।

ਕਈ ਆਪੋ ਆਪਣੇ ਸੂਬਿਆਂ ਵਿੱਚ ਭੇਜ ਦਿੱਤੇ ਗਏ ਪਰ ਬਦਲਾ-ਲਊ ਨੌਕਰਸ਼ਾਹੀ ਉਨ੍ਹਾਂ ਨੂੰ ਰਿਹਾ ਕਰਨ ਲਈ ਤਿਆਰ ਨਹੀਂ ਸੀ। ਬਾਬਿਆਂ ਨੇ ਸਭ ਤੋਂ ਅਖੀਰ ਵਿੱਚ ਜੇਲ੍ਹਾਂ ਛੱਡੀਆਂ। ਬਾਬਾ ਰੂੜ ਸਿੰਘ ਜੀ ਨੂੰ ਤੇ ਸਭ ਤੋਂ ਪਿੱਛੋਂ ਅਕਤੂਬਰ, 1945 ਦੇ ਵਿੱਚ ਹੀ ਰਿਹਾ ਕੀਤਾ ਗਿਆ।

ਪ੍ਰਿਥਵੀ ਸਿੰਘ, 1922 ਦੇ ਨੱਸੇ ਹੋਏ 1939 ਤੱਕ ਲੁੱਕ ਛਿਪ ਕੇ ਕੰਮ ਕਰਦੇ ਰਹੇ। 1939 ਵਿੱਚ ਉਨ੍ਹਾਂ ਗਾਂਧੀ ਜੀ ਦੀ ਸਲਾਹ ਨਾਲ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਰਿਹਾਈ ਤੋਂ ਬਾਅਦ ਉਨ੍ਹਾਂ ਕੁੱਝ ਚਿਰ ਗਾਂਧੀ ਜੀ ਦੇ ਆਸ਼ਰਮ ਵਿੱਚ ਕੱਟਿਆ। 1942 ਵਿੱਚ ਉਹ ਫੇਰ ਗ੍ਰਿਫ਼ਤਾਰ ਕਰ ਲਏ ਗਏ ਤੇ 1944 ਤੱਕ ਜੇਲ੍ਹ ਵਿੱਚ ਡੱਕੇ ਰਹੇ। ਅੱਜ ਉਹ ਫੇਰ ਆਪਣੇ ਬਾਕੀ ਸਾਥੀਆਂ ਵਾਂਗ ਪਾਰਟੀ ਦੇ ਝੰਡੇ ਹੇਠਾਂ ਆਜ਼ਾਦੀ ਦੀਆਂ ਲੜਾਈਆਂ ਲੜ ਰਹੇ ਹਨ।

ਪਰ ਗ਼ਦਰੀ ਬਾਬਿਆਂ 'ਚੋਂ ਇੱਕ ਮੋਹਰੀ ਸੂਰਬੀਰ, ਗੁਰਮੁੱਖ ਸਿੰਘ ਅੱਜ ਜੇਲ੍ਹ ਦੀਆਂ ਸਲਾਖਾਂ ਪਿੱਛੇ ਦਿਨ ਕੱਟ ਰਿਹਾ ਹੈ। 1922 ਵਿੱਚ ਰਾਜ ਮੁੰਦਰੀ ਜੇਲ੍ਹ ਵਿੱਚ ਤਬਦੀਲੀ ਸਮੇਂ ਫਰਾਰੀ ਤੋਂ ਬਾਅਦ ਉਹ ਰੂਸ ਗਏ, ਉਥੇ ਮਾਰਕਸਿਜ਼ਮ ਪੜ੍ਹਿਆ। ਹੁਣ ਆਪ ਨੇ ਕਾਬਲ ਵਿੱਚ ਇੱਕ ਇਨਕਲਾਬੀ ਕੇਂਦਰ ਕਾਇਮ ਕੀਤਾ ਤੇ ਇਨਕਲਾਬੀ ਕੰਮ ਦੇ ਸਬੰਧ ਵਿੱਚ ਕਈ ਵਾਰ ਹਿੰਦੁਸਤਾਨ ਦੇ ਅੰਦਰ ਬਾਹਰ ਆਉਂਦੇ ਜਾਂਦੇ ਰਹੇ। 1928 ਵਿੱਚ ਆਪ ਨੇ ਅਮਰੀਕਾ ਵਿੱਚ ਜਾ ਕੇ ਗ਼ਦਰ ਪਾਰਟੀ ਨੂੰ ਨਵੇਂ ਸਿਰੇ ਤੋਂ ਜਥੇਬੰਦ ਕੀਤਾ ਪਰ ਜਲਦੀ ਅਮਰੀਕਾ ਤੇ ਅਫਗਾਨਿਸਤਾਨ ਦੋਹਾਂ ਦੀਆਂ ਹਕੂਮਤਾਂ ਆਪ ਦੀਆਂ ਸਰਗਰਮੀਆਂ ਤੋਂ ਡਰ ਗਈਆਂ ਤੇ ਆਪ ਨੂੰ ਝੱਲਣ ਲਈ ਤਿਆਰ ਨਹੀਂ ਸਨ। ਆਪ ਨੂੰ ਦੋਹਾਂ ਦੇਸ਼ਾਂ ਤੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ ਗਿਆ। ਆਪ ਰੂਸ ਚਲੇ ਗਏ। ਕੁੱਝ ਚਿਰ ਬਾਅਦ ਪ੍ਰਿਥਵੀ ਸਿੰਘ ਸਮੇਤ ਰੂਸੋਂ ਵਾਪਸ ਆਉਂਦੇ ਹੋਏ ਆਪ ਕਾਬਲ ਵਿੱਚ ਗ੍ਰਿਫਤਾਰ ਹੋ ਗਏ। ਬਰਤਾਨਵੀ ਹਕੂਮਤ ਦੀ ਸ਼ਹਿ 'ਤੇ ਆਪ ਨੂੰ ਸਦੀਆਂ ਪੁਰਾਣੀ ਕਾਬਲ ਜੇਲ੍ਹ ਵਿੱਚ ਹੀ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਗਈਆਂ। ਪਰ ਰੂਸ ਦੀ ਹਕੂਮਤ ਨੇ ਆਪ ਦੀ ਰਿਹਾਈ ਮੰਗੀ। ਅਮਰੀਕਾ, ਜਰਮਨੀ ਤੇ ਹਿੰਦੁਸਤਾਨ ਵਿੱਚ ਆਪ ਦੀ ਗ੍ਰਿਫ਼ਤਾਰੀ ਵਿਰੁੱਧ ਮੁਜ਼ਹਾਰੇ ਹੋਏ। ਅਫ਼ਗਾਨਿਸਤਾਨ ਦੀ ਹਕੂਮਤ ਨੂੰ ਆਪ ਨੂੰ ਰਿਹਾ ਕਰਨਾ ਪਿਆ। ਆਪ ਰੂਸ ਚਲੇ ਗਏ ਤੇ ਆਪ ਕੁੱਝ ਚਿਰ ਬਾਅਦ ਲੁੱਕ ਛਿਪ ਕੇ ਆਪਣੇ ਦੇਸ਼ ਵਾਪਸ ਆਉਣ ਵਿੱਚ ਕਾਮਯਾਬ ਹੋ ਗਏ।

ਹਿੰਦੁਸਤਾਨ ਆ ਕੇ ਆਪ 1936 ਵਿੱਚ ਗ੍ਰਿਫ਼ਤਾਰੀ ਤੱਕ ਗੁਪਤ ਕੰਮ ਕਰਦੇ ਰਹੇ। ਗ੍ਰਿਫ਼ਤਾਰੀ ਤੋਂ ਬਾਅਦ ਆਪ ਨੂੰ ਵਹਿਸ਼ੀਆਨਾ ਤਸ਼ੱਦਦ ਤੇ ਤਸੀਹਿਆਂ ਲਈ ਮਸ਼ਹੂਰ ਲਾਹੌਰ ਦੇ ਕਿਲੇ ਵਿੱਚ ਰੱਖਿਆ ਗਿਆ। ਬੁੱਢੇ ਹੋ ਚੁੱਕੇ ਇਸ ਇਨਕਲਾਬੀ ਨੇ ਆਪਣੀ ਜਵਾਨੀ ਦੇ ਦਿਨਾਂ ਦੇ ਜੋਸ਼ ਨਾਲ ਪੁਲਸੀ ਤਸ਼ੱਦਦ ਦਾ ਟਾਕਰਾ ਕੀਤਾ। ਕਿਸੇ ਸੀ. ਆਈ. ਡੀ. ਅਫਸਰ ਨੂੰ ਵੀ ਆਪ ਸਵਾਲ ਕਰਨ ਦਾ ਹੀਆ ਨਾ ਪਿਆ। ਬਾਬਾ ਜੀ ਨੂੰ ਉਨ੍ਹਾਂ ਉੱਤੇ ਨਵੀਆਂ ਸਾਜਸ਼ਾਂ ਦੇ ਮੁਕੱਦਮੇ ਚਲਾਉਣ ਦੀ ਆਸ ਵਿੱਚ ਕੁੱਝ ਮਹੀਨੇ ਕਿਲ੍ਹੇ ਵਿੱਚ ਹੀ

ਰੱਖਿਆ ਗਿਆ।

ਅਖ਼ੀਰ ਹਕੂਮਤ ਨੇ ਆਪ ਨੂੰ 1914-15 ਵਾਲ਼ੀ ਉਮਰ ਕੈਦ ਹੀ ਪੂਰੀ ਕਰਨ ਲਈ ਅੰਡੇਮਾਨ ਭੇਜ ਦੇਣ ਦਾ ਫੈਸਲਾ ਕੀਤਾ। ਉਹਨੂੰ ਡਰ ਸੀ, ਇੱਕ ਨਵੇਂ ਮੁਕੱਦਮੇ ਨੂੰ ਬਾਬਾ ਗੁਰਮੁੱਖ ਸਿੰਘ ਹਿੰਦੁਸਤਾਨ ਵਿੱਚ ਬਰਤਾਨਵੀ ਰਾਜ ਦੀਆਂ ਕਾਲ਼ੀਆਂ ਕਰਤੂਤਾਂ ਨੂੰ ਨੰਗਿਆਂ ਕਰਨ ਲਈ ਵਰਤੇਗਾ ਤੇ ਸਾਰੀ ਦੁਨੀਆਂ ਵਿੱਚ ਇਹਦੀ ਚਰਚਾ ਹੋਵੇਗੀ।

ਅੰਡੇਮਾਨ ਵਿੱਚ ਬਾਬਾ ਗੁਰਮੁੱਖ ਸਿੰਘ ਨੇ ਪ੍ਰਸਿੱਧ ਭੁੱਖ ਹੜਤਾਲ ਦੀ ਅਗਵਾਈ ਕੀਤੀ। ਇੱਕ ਵਾਰ ਫੇਰ ਅੰਡੇਮਾਨ ਜੇਲ੍ਹ ਬੰਦ ਕਰਨੀ ਪਈ। ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਹਿੰਦੁਸਤਾਨ ਲਿਆਂਦਾ ਗਿਆ। ਪਰ ਅਜੇ ਵੀ ਇਹ ਸੰਸਾਰ ਪ੍ਰਸਿੱਧ ਇਨਕਲਾਬੀ ਪੰਜਾਬ ਦੀਆਂ ਵੱਖੋ-ਵੱਖ ਜੇਲ੍ਹਾਂ ਵਿੱਚ ਆਪਣੀ ਜ਼ਿੰਦਗੀ ਰੋਲ਼ ਰਿਹਾ ਹੈ। ਸਰਕਾਰ ਦੀਆਂ ਬਦਲਾ-ਲਊ ਕਮੀਨੀਆਂ ਚੋਭਾਂ ਵਿਰੁੱਧ ਲੜ ਰਹੇ ਗੁਰਮੁੱਖ ਸਿੰਘ ਤੋਂ ਅੱਜ ਵੀ ਸਾਰਾ ਜੇਲ੍ਹ ਪ੍ਰਬੰਧ ਥਰ ਥਰ ਕੰਬਦਾ ਹੈ।

ਬਾਬਾ ਜੀ 18 ਸਾਲਾਂ ਤੋਂ ਵੱਧ ਕੈਦ ਕੱਟ ਚੁੱਕੇ ਹਨ - ਪਰ ਉਹ ਇੱਕ ਹਸਤੀ ਹਨ ਜਿਸ ਤੋਂ ਪੰਜਾਬ ਦੀ ਯੂਨੀਅਨਿਸਟ ਹਕੂਮਤ ਸਭ ਤੋਂ ਜ਼ਿਆਦਾ ਡਰਦੀ ਹੈ। ਉਹ ਆਪ ਨੂੰ ਰਿਹਾ ਕਰਨ ਲਈ ਤਿਆਰ ਨਹੀਂ।

ਗ਼ਦਰ ਇਨਕਲਾਬੀਆਂ ਦੇ ਇੱਕ ਹੋਰ ਸਾਥੀ, ਬਾਬਾ ਸੁੱਚਾ ਸਿੰਘ ਹਜ਼ਾਰੀ ਬਾਗ਼ ਜੇਲ੍ਹ ਵਿੱਚ ਆਪਣੀ ਉਮਰ ਕੈਦ ਦਾ ਤੇਰ੍ਹਵਾਂ ਸਾਲ ਕੱਟ ਰਹੇ ਹਨ।

ਇਹ ਹੈ ਥੋੜ੍ਹੇ ਜਿਹੇ ਅੱਖਰਾਂ ਵਿੱਚ ਕਹਾਣੀ ਗ਼ਦਰ ਪਾਰਟੀ ਤੇ ਉਹਦੇ ਸੂਰਬੀਰਾਂ ਦੀ, ਅਮਰ ਸਰਾਭੇ ਦੇ ਸਾਥੀਆਂ ਦੀ-ਜਿਹੜੇ ਆਪ ਸਿੱਖ ਕਿਸਾਨ ਘਰਾਂ ਵਿੱਚ ਕਹਾਣੀਆਂ ਬਣ ਚੁੱਕੇ ਹਨ। 15 ਤੋਂ 33 ਸਾਲ ਆਪਣੀਆਂ ਉਮਰਾਂ ਦੇ ਉਨ੍ਹਾਂ ਸਾਮਰਾਜੀ ਮਾਲਕਾਂ ਦੇ ਸਭ ਤੋਂ ਭੈੜੇ ਬੰਦੀ ਖਾਨਿਆਂ ਵਿੱਚ ਕੱਟੇ ਹਨ। ਉਨ੍ਹਾਂ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਆਪਣਾ ਸਭ ਕੁੱਝ ਲਾ ਦਿੱਤਾ, ਹਰ ਕੁਰਬਾਨੀ ਕੀਤੀ ਹੈ ਤੇ ਸਭ ਮੁਸੀਬਤਾਂ ਝੱਲੀਆਂ ਹਨ। ਅੱਜ ਉਹ ਸਾਡੀ ਜਨਤਾ ਦੀ ਅਜ਼ਾਦੀ ਲਈ ਅਟੱਲ ਇਰਾਦੇ ਦੇ ਜੀਊਂਦੇ ਜਾਗਦੇ ਚਿੰਨ੍ਹ ਬਣ ਚੁੱਕੇ ਹਨ - ਕਿਸੇ ਦੇਸ਼ ਨੂੰ ਵੀ ਅਜਿਹੇ ਸੂਰਬੀਰਾਂ 'ਤੇ ਮਾਣ ਹੋ ਸਕਦਾ ਹੈ।

♦♦♦

# ਸਬੰਧਤ ਪੱਤਰ

1. ਗ਼ਦਰ ਪਾਰਟੀ ਦੇ ਗੁਰੀਲਾ ਜੱਥਿਆਂ ਦੇ 30 ਸ਼ਹੀਦ ਜੋ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਲਾਏ ਗਏ—
ਪੰਡਤ ਕਾਂਸ਼ੀ ਰਾਮ ਮੜਲੀ ਕਲਾਂ (ਅੰਬਾਲਾ), ਉੱਤਮ ਸਿੰਘ ਹੰਸ, ਬੂਟਾ ਸਿੰਘ ਛੰਨਾਂ, (ਲੁਧਿਆਣਾ)। ਰੰਗਾ ਸਿੰਘ ਖੁਰਦਪੁਰ, ਅਰੂੜ ਸਿੰਘ ਸੁਗਿਆਲ, ਬੰਤਾ ਸਿੰਘ ਸੁਗਿਆਲ, ਬਲਵੰਤ ਸਿੰਘ ਖੁਰਦਪੁਰ – (ਜਲੰਧਰ)। ਵੀਰ ਸਿੰਘ ਬਾਹੋਵਾਲ, ਜਵੰਦ ਸਿੰਘ ਨੰਗਲ – (ਹੁਸ਼ਿਆਰਪੁਰ)। ਰੂੜ ਸਿੰਘ ਦੁਸਾਂਝਾਂ ਤਲਵੰਡੀ, ਈਸ਼ਰ ਸਿੰਘ ਢੁਡੀਕੇ, ਅਰਜਨ ਸਿੰਘ ਖਖਰਾਣ, ਲਾਲ ਸਿੰਘ – (ਫਿਰੋਜ਼ਪੁਰ)। ਚੰਦਾ ਸਿੰਘ ਬੂੜਚੰਦ, ਚੰਦਨ ਸਿੰਘ ਬੂੜਚੰਦ, ਪ੍ਰੇਮ ਸਿੰਘ ਸੂਰਸਿੰਘ, ਭਗਤ ਸਿੰਘ ਉਰਫ਼ ਗਾਂਧਾ ਸਿੰਘ ਕਚਰਭੰਨ – (ਲਾਹੌਰ)।ਆਤਮਾ ਸਿੰਘ ਠਠੀਖਾਰਾ, ਹਰਨਾਮ ਸਿੰਘ ਠਠੀਖਾਰਾ, ਕਾਲਾ ਸਿੰਘ ਜਗਤਪੁਰਾ, ਇੰਦਰ ਸਿੰਘ ਪੱਦਰੀ – (ਅੰਮ੍ਰਿਤਸਰ)। ਧਿਆਨ ਸਿੰਘ, ਜੀਵਨ ਸਿੰਘ, ਜਗਤ ਸਿੰਘ, ਚੰਦਾ ਸਿੰਘ, ਗਿਆਨ ਸਿੰਘ, ਰਹਿਮਤ ਅਲੀ, ਅਮਲੀ – (ਥਾਂ ਪਤਾ ਨਹੀਂ)। ਰਾਮ ਰਖਾ (ਹੱਥ ਵਿੱਚ ਬੰਬ ਫਟਣ ਕਰਕੇ ਮਰ ਗਿਆ)। ਡਾ: ਮਥਰਾ ਸਿੰਘ ਗੁਜਰਖਾਨ (ਰਾਵਲਪਿੰਡੀ)।

***

2. ਰਿਸਾਲਾ ਨੰਬਰ 23 ਦੇ 11 ਫੌਜੀ ਜਿਹੜੇ ਅੰਬਾਲਾ ਜੇਲ੍ਹ ਵਿੱਚ ਫਾਂਸੀ ਲਾਏ ਗਏ–
ਭਾਈ ਲਛਮਨ ਸਿੰਘ ਚੂਸਲੇਵੜ, ਬੂਟਾ ਸਿੰਘ ਕਸੇਲ, ਇੰਦਰ ਸਿੰਘ ਜੀਓਬਾਲਾ, ਇੰਦਰ ਸਿੰਘ ਸ਼ਾਹਬਾਜ਼ਪੁਰ, ਬੁੱਧ ਸਿੰਘ ਢੋਟੀਆਂ, ਮੋਤਾ ਸਿੰਘ ਰੂੜੀਵਾਲਾ, ਭਗਤ ਸਿੰਘ ਰੂੜੀਵਾਲਾ, ਗੁਜਰ ਸਿੰਘ ਲੋਹਕੇ, ਜੇਠਾ ਸਿੰਘ ਲੋਹਕੇ – (ਅੰਮ੍ਰਿਤਸਰ)। ਤਾਰਾ ਸਿੰਘ, ਮੌਲਵੀ ਅਬਦੁਲਾ–(ਥਾਂ ਪਤਾ ਨਹੀਂ)।

***

3. ਰਿਸਾਲਾ ਨੰ: 23 ਦੇ ਜਿਨ੍ਹਾਂ ਫੌਜੀ ਦੇਸ਼–ਭਗਤਾਂ ਨੂੰ ਉਮਰ ਕੈਦ ਕਾਲ਼ੇਪਾਣੀ ਦੀਆਂ ਸਜ਼ਾਵਾਂ ਹੋਈਆਂ :–
ਬਿਸ਼ਨ ਸਿੰਘ ਢੋਟੀਆਂ, ਚੰਨਣ ਸਿੰਘ ਢੰਡ, ਨੰਦ ਸਿੰਘ ਬੁਰਜ, ਕਿਹਰ ਸਿੰਘ ਢੋਟੀਆਂ, ਨੱਥਾ ਸਿੰਘ ਢੋਟੀਆਂ–(ਅੰਮ੍ਰਿਤਸਰ)।

***

4. ਬਰਮਾ ਦੀਆਂ ਜੇਲ੍ਹਾਂ ਵਿੱਚ ਫਾਂਸੀ ਲਾਏ ਗਏ 6 ਸ਼ਹੀਦ :–
ਡਾ: ਹਰਨਾਮ ਸਿੰਘ ਐਮ. ਏ. ਕਾਰੀਸਾਰੀ (ਹੁਸ਼ਿਆਰਪੁਰ)। ਸੋਹਣ ਲਾਲ ਪਾਠਕ ਅਮਰੀਕਨ ਐਮ. ਏ. ਭੱਟੀ (ਲਾਹੌਰ)। ਨਰਿੰਜਨ ਸਿੰਘ, ਨਰਾਇਣ ਸਿੰਘ, ਪਾਲ ਸਿੰਘ, ਚਾਹਲੀਆ ਰਾਮ–(ਥਾਂ ਪਤਾ ਨਹੀਂ)।

****

5. ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਹੋਰ ਬੰਦੇ ਜਿਨ੍ਹਾਂ ਨੂੰ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ, ਜਿਹੜੀ ਪਿੱਛੋਂ ਉਮਰ ਕੈਦ ਕਾਲ਼ੇਪਾਣੀ ਤੇ ਜਾਇਦਾਦ ਜ਼ਬਤੀ ਵਿੱਚ ਬਦਲ ਦਿੱਤੀ ਗਈ :-

ਹਿਰਦੇ ਰਾਮ (ਮੰਡੀ)। ਰਾਮਸਰਨ (ਕਪੂਰਥਲਾ)। ਭਾਈ ਪਰਮਾਨੰਦ (ਲਾਹੌਰ)। ਨੰਦ ਸਿੰਘ ਕੈਲੇ, ਰੁਲੀਆ ਸਿੰਘ ਸਰਾਭਾ-(ਲੁਧਿਆਣਾ)। ਖੁਸ਼ਹਾਲ ਸਿੰਘ ਪਦਰੀ, ਵਸਾਵਾ ਸਿੰਘ ਗਲਵਾਲੀ, ਕਾਲਾ ਸਿੰਘ, ਬਲਵੰਤ ਸਿੰਘ ਸਠਿਆਲਾ, ਸਾਵਣ ਸਿੰਘ ਚੀਮਾ - (ਅੰਮ੍ਰਿਤਸਰ)।

***

6. ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਹੋਰ ਬੰਦੇ ਜਿਨ੍ਹਾਂ ਨੂੰ ਉਮਰ ਕੈਦ ਕਾਲ਼ੇਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ :-

ਹਜ਼ਾਰਾ ਸਿੰਘ ਦਦੇਹਰ, ਬਿਸ਼ਨ ਸਿੰਘ ਭਲਵਾਨ ਦਦੇਹਰ, ਬਿਸ਼ਨ ਸਿੰਘ ਦਦੇਹਰ, ਕਿਹਰ ਸਿੰਘ ਮਰਹਾਣਾ, ਮੰਗਲ ਸਿੰਘ ਲਾਲਪੁਰਾ, ਲਾਲ ਸਿੰਘ ਭੂਰੇ-(ਅੰਮ੍ਰਿਤਸਰ)। ਚੂਹੜ ਸਿੰਘ ਲੀਲ, ਭਾਨ ਸਿੰਘ ਸਨੇਤ, ਰੋਡਾ ਸਿੰਘ ਲੰਡੇ, ਪੂਰਨ ਸਿੰਘ ਈਸੇਵਾਲ, ਇੰਦਰ ਸਿੰਘ ਮੱਲਾ, ਕ੍ਰਿਪਾਲ ਸਿੰਘ ਬੋਪਾਰਾਏ, ਖੜਕ ਸਿੰਘ ਬੋਪਾਰਾਏ-(ਲੁਧਿਆਣਾ)। ਇੰਦਰ ਸਿੰਘ ਸੁਰਸਿੰਘ, ਕਾਲਾ ਸਿੰਘ ਸੁਰਸਿੰਘ, ਗੁਰਦਿੱਤ ਸਿੰਘ ਸੁਰਸਿੰਘ, ਜਵੰਦ ਸਿੰਘ ਸੁਰਸਿੰਘ, ਇੰਦਰ ਸਿੰਘ ਭਸੀਨ-(ਲਾਹੌਰ)। ਪਿਆਰਾ ਸਿੰਘ ਲੰਗੇਰੀ (ਹੁਸ਼ਿਆਰਪੁਰ)।

***

7. ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਹੋਰ ਬੰਦੇ ਜਿਨ੍ਹਾਂ ਨੂੰ ਵੱਖ-ਵੱਖ ਸਜ਼ਾਵਾਂ ਹੋਈਆਂ:-

| | | |
|---|---|---|
| ਹਰੀ ਸਿੰਘ - | (ਥਾਂ ਪਤਾ ਨਹੀਂ) | ਸਜ਼ਾ 10 ਸਾਲ |
| ਦਲੀਪ ਸਿੰਘ - | | ਸਜ਼ਾ 7 ਸਾਲ |
| ਦੇਵਾ ਸਿੰਘ - | ਲੁਧਿਆਣਾ | ਸਜ਼ਾ 4 ਸਾਲ |
| ਸ਼ੁਭ ਸਿੰਘ - | ਕੋਟਲਾ ਨੋਧ ਸਿੰਘ (ਹੁਸ਼ਿਆਰਪੁਰ) | ਸਜ਼ਾ 3 ਸਾਲ |
| ਜਮਨਾ ਦਾਸ - | ਬਨਾਰਸ | ਸਜ਼ਾ 3 ਸਾਲ |
| ਬਾਜ ਸਿੰਘ - | ਰਈਆ (ਅੰਮ੍ਰਿਤਸਰ) | ਸਜ਼ਾ 2 ਸਾਲ |

***

8. ਬਾਕੀ ਸੱਤ ਜਿਹੜੇ ਬਰੀ ਹੋ ਗਏ ਸਨ, ਉਨ੍ਹਾਂ ਦੇ ਨਾਂ ਹੇਠਾਂ ਦਿੱਤੇ ਜਾਂਦੇ ਹਨ-

ਮਹਿਤਾ ਨੰਦ ਕਿਸ਼ੋਰ, ਕਿਦਾਰ ਨਾਥ ਸਹਿਗਲ - (ਲਾਹੌਰ)। ਹਰਨਾਮ ਸਿੰਘ ਭਡਾਣਾ, ਗੁਜਰ ਸਿੰਘ ਭਕਨਾ, ਡਾ: ਹਰਦਿੱਤ ਸਿੰਘ, ਨੌਰੰਗ ਸਿੰਘ ਦਰਜੀ - (ਅੰਮ੍ਰਿਤਸਰ)। ਕਿਸ਼ਨਦਾਸ ਸਾਧ (ਥਾਂ ਪਤਾ ਨਹੀਂ)।

****

9. ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਇਨ੍ਹਾਂ ਨੂੰ ਉਮਰ-ਕੈਦ ਕਾਲ਼ੇ ਪਾਣੀ ਦੀ ਸਜ਼ਾ ਹੋਈ :-

ਭਾਈ ਗੁਜਰ ਸਿੰਘ ਭਕਨਾ ਕਲਾਂ, ਭਾਈ ਕਿਹਰ ਸਿੰਘ ਭਕਨਾ ਕਲਾਂ, ਹਰਨਾਮ ਸਿੰਘ ਰਸੂਲਪੁਰ, ਬਲਵੰਤ ਸਿੰਘ ਸਠਿਆਲਾ, ਹਰੀ ਸਿੰਘ ਕੱਕੜ, ਮਹੰਤ ਭੋਗ ਸਿੰਘ ਝਾੜ ਸਾਹਿਬ, ਜੱਸਾ ਸਿੰਘ ਝਾੜ ਸਾਹਿਬ, ਗੰਡਾ ਸਿੰਘ ਨਿਹੰਗ ਖਾਪੜਖੇੜੀ, ਸੁੱਚਾ ਸਿੰਘ ਚੋਹਲਾ, ਮਹਾਰਾਜ ਸਿੰਘ ਕਸੇਲ, ਜਿੰਦਰ ਸਿੰਘ ਚੌਧਰੀਵਾਲਾ, ਵਿਸਾਖਾ ਸਿੰਘ ਦਦੇਹਰ, ਸੁੰਦਰ ਸਿੰਘ ਦੌਲ਼ਨੰਗਲ, ਬਿਸ਼ਨ ਸਿੰਘ ਦਦੇਹਰ-(ਅੰਮ੍ਰਿਤਸਰ)। ਭਾਈ ਰਣਧੀਰ ਸਿੰਘ ਨਾਰੰਗਵਾਲ, ਲਾਲ ਸਿੰਘ ਨਾਰੰਗਵਾਲ, ਮਸਤਾਨ ਸਿੰਘ ਨਾਰੰਗਵਾਲ, ਸਜਨ ਸਿੰਘ ਨਾਰੰਗਵਾਲ, ਹਰਨਾਮ ਸਿੰਘ ਕਾਮਗਾਟਾ ਗੁਜਰਵਾਲ, ਕਰਤਾਰ ਸਿੰਘ ਚੰਦ, ਨਵਾਂ ਅਰਜਨ ਸਿੰਘ ਜਗਰਾਓਂ, ਮਹਿੰਦਰ ਸਿੰਘ, ਪਾਲ ਸਿੰਘ, ਗਿਆਨੀ ਨਾਹਰ ਸਿੰਘ ਗੁਜਰਵਾਲ, ਸੰਤਾ ਸਿੰਘ, ਸੁਰਜਨ ਸਿੰਘ, ਗਿਆਨੀ ਹਰਭਜਨ ਸਿੰਘ, ਬਾਬਾ ਰਾਮ ਸਿੰਘ - (ਲੁਧਿਆਣਾ)। ਹਰਨਾਮ ਸਿੰਘ ਕਾਲਾਸਿੰਘਾ (ਕਪੂਰਥਲਾ)। ਕਰਮ ਸਿੰਘ (ਪਟਿਆਲਾ)। ਅਤਰ ਸਿੰਘ (ਰਾਵਲਪਿੰਡੀ)। ਇੰਦਰ ਸਿੰਘ ਗ੍ਰੰਥੀ, ਪਾਲਾ ਸਿੰਘ ਢੁਡੀਕੇ, ਪਾਖਰ ਸਿੰਘ ਢੁਡੀਕੇ-(ਫਿਰੋਜ਼ਪੁਰ)। ਹੀਰਾ ਸਿੰਘ ਚਿਰੜ, ਕਾਲਾ ਸਿੰਘ ਵਲਟੋਹਾ, ਕੇਸਰ ਸਿੰਘ, ਸੁਰਸਿੰਘ, ਬੁੱਢਾ ਸਿੰਘ ਸੁਰਸਿੰਘ, ਨਥਾ ਸਿੰਘ ਧੁਨ, ਲਾਭ ਸਿੰਘ ਵਲਟੋਹਾ, ਜਾਮੂੰ ਵਲਟੋਹਾ, ਠਾਕਰ ਸਿੰਘ ਵਲਟੋਹਾ, ਸੁਲਤਾਨ ਸ਼ਾਹ ਭਿੱਖੀਵਿੰਡ, ਜਗਤ ਸਿੰਘ ਸੁਰਸਿੰਘ, ਬਘੇਲ ਸਿੰਘ ਬੂੜਚੰਦ - (ਲਾਹੌਰ)। ਮੁਨਸ਼ਾ ਸਿੰਘ ਜੰਡਿਆਲਾ, ਮਹਿੰਦਰ ਸਿੰਘ - (ਜਲੰਧਰ)। ਊਧਮ ਸਿੰਘ ਲਾਧੋਪੁਰਾ (ਗੁਰਦਾਸਪੁਰ)। ਕਿਰਪਾ ਸਿੰਘ ਲੰਗਮਜਾਰੀ (ਹੁਸ਼ਿਆਰਪੁਰ)। ਪਿਆਰਾ ਲਾਲ (ਜਿਹਲਮ) ਬਤਨ ਸਿੰਘ, ਕਰਤਾਰ ਸਿੰਘ ਕੈਨੇਡੀਅਨ, ਹਰੀ ਸਿੰਘ, ਦਲੀਪ ਸਿੰਘ, ਸ਼ਾਮ ਸਿੰਘ, ਪਿਆਰਾ ਸਿੰਘ-(ਥਾਂ ਪਤਾ ਨਹੀਂ)।

***


10. ਅੰਡੇਮਾਨ ਦੇ ਸੰਗਰਾਮਾਂ ਵਿੱਚ ਸ਼ਹੀਦ ਹੋਏ 8 ਸਾਥੀ :-

ਭਾਨ ਸਿੰਘ ਸਨੇਤ, (ਲੁਧਿਆਣਾ)। ਰੁਲੀਆ ਸਿੰਘ ਸਰਾਭਾ, ਰੋਡਾ ਸਿੰਘ ਰੋੜੇ (ਫਿਰੋਜ਼ਪੁਰ)। ਬੁੱਢਾ ਸਿੰਘ (ਗੁਜਰਾਤ)। ਰਾਮ ਰਖਾ (ਜੇਹਲਮ)। ਨੰਦ ਸਿੰਘ ਬੁਰਜ, ਕਿਹਰ ਸਿੰਘ ਮਰਹਾਣਾ, ਨਥਾ ਸਿੰਘ ਢੋਟੀਆਂ - (ਅੰਮ੍ਰਿਤਸਰ)।

***




ਸੈਨ ਫਰਾਂਸਿਸਕੋ, ਅਮਰੀਕਾ ਵਿਖੇ ਗ਼ਦਰ ਪਾਰਟੀ ਦਾ ਹੈਡਕੁਆਟਰ (ਯੁਗਾਂਤਰ ਆਸ਼ਰਮ)



ਸ਼ਹੀਦ ਭਗਤ
ਸਿੰਘ ਯਾਦਗਾਰੀ
ਪ੍ਰਕਾਸ਼ਨ, ਲੁਧਿਆਣਾ

ਕੀਮਤ — 10.00